ਭਾਸ਼ਾ ਵਿਭਾਗ ਦਾ ਮੁੱਖ ਦਫ਼ਤਰ ਪਟਿਆਲਾ ਵਿਖੇ ਸਥਿਤ ਹੈ। ਮੁੱਖ ਦਫ਼ਤਰ ਵਿਚ ਹਰ ਸੈਕਸ਼ਨ ਦਾ ਕੰਮ ਇਕ ਅਧਿਕਾਰੀ ਦੀ ਨਿਗ਼ਰਾਨੀ ਹੇਠ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਰਾਜ ਦੇ ਹਰ ਜ਼ਿਲ੍ਹਾ ਭਾਸ਼ਾ ਦਫ਼ਤਰ ਦਾ ਕਾਰਜ ਇਕ ਜ਼ਿਲ੍ਹਾ ਭਾਸ਼ਾ ਅਫ਼ਸਰ ਦੀ ਨਿਗ਼ਰਾਨੀ ਹੇਠ ਕੀਤਾ ਜਾਂਦਾ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰ ਅਧੀਨ ਪੰਜਾਬੀ ਟਾਈਪ ਅਤੇ ਸ਼ਾਰਟਹੈਂਡ ਦੀ ਸਿਖਲਾਈ ਲਈ ਇਕ ਇਨਸਟਰੱਕਟਰ ਅਤੇ ਪੁਸਤਕਾਂ ਦੀ ਵਿਕਰੀ ਆਦਿ ਲਈ ਇਕ ਕਲਰਕ/ਸੀਨੀਅਰ ਸਹਾਇਕ ਤਾਇਨਾਤ ਕੀਤਾ ਹੋਇਆ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰ ਦਾ ਕੰਮ ਵਿਭਾਗੀ ਸਰਗ਼ਰਮੀਆਂ ਦਾ ਪ੍ਰਚਾਰ ਕਰਨਾ, ਸਾਹਿਤਕਾਰਾਂ ਅਤੇ ਸਾਹਿਤ ਸਭਾਵਾਂ ਨਾਲ ਸੰਪਰਕ ਬਣਾਉਣਾ, ਪੁਸਤਕ ਪ੍ਰਦਰਸ਼ਨੀਆਂ ਲਾਉਣਾ, ਪੁਰਾਤਨ ਹੱਥ ਲਿਖਤਾਂ ਇਕੱਤਰ ਕਰਨਾ ਅਤੇ ਭਾਸ਼ਾਈ ਤੇ ਸਭਿਆਚਾਰਕ ਸਰਵੇ ਕਰਨਾ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਵਿਖੇ ਇਕ ਸਹਾਇਕ ਡਾਇਰੈਕਟਰ ਅਧੀਨ ਹਿੰਦੀ ਅਤੇ ਪੰਜਾਬੀ ਸੈੱਲ ਕੰਮ ਕਰ ਰਹੇ ਹਨ। ਹਿੰਦੀ ਸੈੱਲ ਦਾ ਕੰਮ ਕੇਂਦਰ ਅਤੇ ਹਿੰਦੀ ਭਾਸ਼ੀ ਰਾਜਾਂ ਨਾਲ ਪੱਤਰ-ਵਿਹਾਰ ਅਤੇ ਹੋਰ ਸਰਕਾਰੀ ਮੈਟਰ ਦਾ ਅੰਗ੍ਰੇਜ਼ੀ ਅਤੇ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਕਰਨਾ ਹੈ, ਪੰਜਾਬੀ ਸੈੱਲ ਵਿਚ ਪੰਜਾਬੀ ਟਾਈਪ ਅਤੇ ਸ਼ਾਰਟਹੈਂਡ ਦੀ ਸਿਖਲਾਈ ਦਿੱਤੀ ਜਾਂਦੀ ਹੈ ਤੇ ਵਿਭਾਗੀ ਪ੍ਰਕਾਸ਼ਨਾਵਾਂ ਦੀ ਵਿਕਰੀ ਕੀਤੀ ਜਾਂਦੀ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰਾਂ ਅਤੇ ਸਹਾਇਕ ਡਾਇਰੈਕਟਰ, ਹਿੰਦੀ/ਪੰਜਾਬੀ ਸੈੱਲ,

Scanned with CamScanner

ਚੰਡੀਗੜ੍ਹ ਦੀਆਂ ਜ਼ਿੰਮੇਵਾਰੀਆਂ ਵਿਚ ਜ਼ਿਲ੍ਹਾ ਪੱਧਰ ਦੇ ਸਰਕਾਰੀ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਵਿਚ ਪੰਜਾਬੀ ਲਾਗੂ ਕਰਨਾ ਹੈ। ਵਿਭਾਗ ਦਾ ਦਿੱਲੀ ਵਿਖੇ ਇਕ ਸਾਹਿਤ ਕੇਂਦਰ ਵੀ ਹੈ, ਜਿਸ ਦਾ ਉਦੇਸ਼ ਵਿਭਾਗੀ ਪੁਸਤਕਾਂ ਦੀ ਵਿਕਰੀ ਕਰਨਾ, ਪੁਸਤਕ ਪ੍ਰਦਰਸ਼ਨੀਆਂ ਲਗਾਉਣ ਤੋਂ ਇਲਾਵਾ ਦਿੱਲੀ ਵਿਚ ਵਸਦੇ ਪੰਜਾਬੀ ਲੇਖਕਾਂ ਨਾਲ ਸੰਪਰਕ ਪੈਦਾ ਕਰਨਾ ਅਤੇ ਪੰਜਾਬ ਸਰਕਾਰ ਦੀਆਂ ਭਾਸ਼ਾਈ, ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਸਬੰਧੀ ਲੋਕਾਂ ਨੂੰ ਜਾਣੂੰ ਕਰਵਾਉਣਾ ਹੈ।

**ਭਾਸ਼ਾ ਵਿਭਾਗ ਪੰਜਾਬ ਦਾ ਤਕਨੀਕੀ ਅਮਲਾ**

**ਡਾਇਰੈਕਟਰ**

|

**ਵਧੀਕ ਡਾਇਰੈਕਟਰ (1)**

|

**ਸੰਯੁਕਤ ਡਾਇਰੈਕਟਰ (2)**

|

**ਡਿਪਟੀ ਡਾਇਰੈਕਟਰ (6)**

|

**ਸਹਾਇਕ ਡਾਇਰੈਕਟਰ/ ਜਿਲ੍ਹਾ ਭਾਸ਼ਾ ਅਫਸਰ (25)**

|

**ਸੇਲ ਅਫਸਰ (1)**

*ਵਿਭਾਗ ਦੇ ਅਮਲੇ ਦੀ ਵਿਸਤ੍ਰਿਤ ਸੂਚੀ ਅੰਤਿਕਾ ੳ ਤੇ ਸ਼ਾਮਲ ਹੈ।*

3. **ਤੁਲਨਾਤਮਕ ਚਾਰਟ (ਵਿਭਾਗ ਦੀ ਭੌਤਿਕ ਅਤੇ ਵਿੱਤੀ ਤਰੱਕੀ)**

ਭਾਸ਼ਾ ਵਿਭਾਗ ਦੇ ਪੁਨਰਗਠਨ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਵਿਭਾਗ ਦੀਆਂ ਪਲਾਨ ਅਤੇ ਨਾਨ ਪਲਾਨ ਸਕੀਮਾਂ ਅਧੀਨ ਕੀਤੇ ਖਰਚ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਬਜਟ ਉਪਬੰਧ | ਨਾਨ-ਪਲਾਨ *(ਰਕਮ ਹਜ਼ਾਰਾਂ ਵਿਚ)* | ਪਲਾਨ *(ਰਕਮ ਲੱਖਾਂ ਵਿਚ)* |
|---|---|---|
| 2019-20 | 11,98,46 | 81.27 |
| | ਤਿੰਨ ਸਾਲਾਂ ਦੀ ਤੁਲਨਾਤਮਕ ਸਾਰਣੀ | |
| 2017-18 | 12,56,37 | 276.54 |
| 2018-19 | 8,32,45 | 25.80 |
| 2019-20 | 11,98,46 | 81.27 |

**ਉਕਤ ਵੇਰਵੇ ਅਨੁਸਾਰ ਨਾਨ-ਪਲਾਨ ਸਕੀਮ ਵਿਚ ਪਿਛਲੇ ਸਾਲ 2018-19 ਨਾਲੋਂ 03,66,01 ਹਜ਼ਾਰ ਰੁਪਏ ਵੱਧ ਅਤੇ ਪਲਾਨ ਸਕੀਮ ਵਿਚ 55.47 ਲੱਖ ਰੁਪਏ ਵੱਧ ਖਰਚ ਹੋਏ।**

**ਵਿਜ਼ਨ, ਮਿਸ਼ਨ ਤੇ ਟੀਚੇ**

**ੳ) ਵਿਜ਼ਨ**

ਭਾਸ਼ਾ ਵਿਭਾਗ ਪੰਜਾਬ ਦਾ ਮੁੱਖ ਉਦੇਸ਼ ਰਾਜ ਭਾਸ਼ਾ ਪੰਜਾਬੀ ਦਾ ਬਹੁਪੱਖੀ ਵਿਸਥਾਰ ਤੇ ਵਿਕਾਸ ਕਰਨਾ ਹੈ। ਇਸ ਦੇ ਨਾਲ ਨਾਲ ਰਾਸ਼ਟਰ ਭਾਸ਼ਾ ਹਿੰਦੀ, ਉੱਤਰੀ ਭਾਰਤ ਦੀ ਹਰਮਨ ਪਿਆਰੀ ਬੋਲੀ ਉਰਦੂ ਅਤੇ ਇਨ੍ਹਾਂ ਸਾਰੀਆਂ ਭਾਸ਼ਾਵਾਂ ਦੀ ਜਨਨੀ ਸੰਸਕ੍ਰਿਤ ਦਾ ਵੀ ਵਿਕਾਸ ਕਰਨਾ ਹੈ। ਆਉਣ ਵਾਲੇ ਸਮੇਂ ਵਿਚ ਮਾਤ ਭਾਸ਼ਾ ਪੰਜਾਬੀ ਦੇ ਵਧੇਰੇ ਪ੍ਰਭਾਵਸ਼ਾਲੀ ਪ੍ਰਚਾਰ/ ਪ੍ਰਸਾਰ ਲਈ ਅਤਿ ਆਧੁਨਿਕ ਤਕਨੀਕਾਂ ਜਿਵੇਂ ਕਿ ਮਲਟੀਮੀਡੀਆ, ਮੋਬਾਈਲ ਐਪਸ, ਪੰਜਾਬੀ ਭਾਸ਼ਾ ਦੀ ਔਨ-ਲਾਈਨ ਸਿਖਲਾਈ ਆਦਿ ਨੂੰ ਸ਼ਾਮਲ ਕੀਤਾ ਜਾਵੇਗਾ।

**ਅ) ਮਿਸ਼ਨ**

ਰਾਜ ਵਿਚ ਪੰਜਾਬੀ ਭਾਸ਼ਾ ਦੇ ਪ੍ਰਚਾਲਣ ਨੂੰ ਸਰਕਾਰੀ, ਅਰਧ-ਸਰਕਾਰੀ ਦਫ਼ਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਆਦਿ ਵਿਚ ਬਿਹਤਰ ਢੰਗ ਨਾਲ ਲਾਗੂ ਕਰਨਾ, ਲੋੜਵੰਦ ਲੇਖਕਾਂ ਅਤੇ ਉਨ੍ਹਾਂ ਦੇ ਆਸ਼ਰਿਤ ਪਰਿਵਾਰਾਂ ਨੂੰ ਪੈਨਸ਼ਨ ਅਤੇ

Scanned with CamScanner

ਮਾਲੀ ਸਹਾਇਤਾ ਸਕੀਮਾਂ ਨੂੰ ਵਧੇਰੇ ਸੁਵਿਧਾਜਨਕ ਬਨਾਉਣਾ, ਵਿਭਾਗੀ ਪ੍ਰਕਾਸ਼ਨਾਵਾਂ ਦੀ ਛਪਾਈ ਅਤੇ ਵਿਕਰੀ ਨੂੰ ਪ੍ਰੋਤਸਾਹਿਤ ਕਰਨਾ। ਵਿਭਾਗੀ ਲਾਇਬ੍ਰੇਰੀ ਦਾ ਡਿਜਟਲੀਕਰਣ ਕਰਨਾ। ਇਸ ਤੋਂ ਇਲਾਵਾ ਨਵੀਂ ਪੀੜ੍ਹੀ ਵਿਚ ਪੁਸਤਕ ਸਭਿਆਚਾਰ ਪ੍ਰਤੀ ਰੁਚੀ ਪੈਦਾ ਕਰਨ ਲਈ ਬਾਲ ਗਿਆਨ ਦੀਆਂ ਪੁਸਤਕਾਂ ਦੀ ਛਪਾਈ ਤੇ ਵਿਸ਼ੇਸ਼ ਜ਼ੋਰ ਦੇਣਾ।

ੲ) ਟੀਚੇ

ਪੰਜਾਬੀ ਭਾਸ਼ਾ ਦੇ ਸਰਬਪੱਖੀ ਪ੍ਰਚਾਰ/ ਪ੍ਰਸਾਰ ਦੇ ਨਾਲ ਨਾਲ ਹਿੰਦੀ, ਉਰਦੂ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਵਿਕਾਸ ਨੂੰ ਉੱਨਤੀ ਦੇ ਮਾਰਗ ਤੇ ਤੋਰਨਾ ਹੀ ਭਾਸ਼ਾ ਵਿਭਾਗ ਦਾ ਮੁੱਖ ਮਨੋਰਥ ਹੈ।

ਸ) ਪਾਲਿਸੀ

**ਉਦੇਸ਼**

ਭਾਸ਼ਾ ਵਿਭਾਗ ਪੰਜਾਬ ਦਾ ਮੁੱਖ ਉਦੇਸ਼ ਰਾਜ ਭਾਸ਼ਾ ਪੰਜਾਬੀ ਦਾ ਸਰਕਾਰੀ ਪੱਧਰ ਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਬਹੁਪੱਖੀ ਵਿਸਥਾਰ ਤੇ ਵਿਕਾਸ ਕਰਨਾ ਹੈ। ਆਉਣ ਵਾਲੇ ਸਮੇਂ ਵਿਚ ਮਾਤ ਭਾਸ਼ਾ ਪੰਜਾਬੀ ਦੇ ਵਧੇਰੇ ਪ੍ਰਭਾਵਸ਼ਾਲੀ ਪ੍ਰਚਾਰ/ ਪ੍ਰਸਾਰ ਲਈ ਅਤਿ ਆਧੁਨਿਕ ਤਕਨੀਕਾਂ ਜਿਵੇਂ ਕਿ ਮਲਟੀਮੀਡੀਆ, ਮੋਬਾਈਲ ਐਪਸ ਆਦਿ ਨੂੰ ਸ਼ਾਮਲ ਕੀਤਾ ਜਾਵੇਗਾ।ਇਸ ਦੇ ਨਾਲ ਨਾਲ ਰਾਸ਼ਟਰ ਭਾਸ਼ਾ ਹਿੰਦੀ, ਉੱਤਰੀ ਭਾਰਤ ਦੀ ਹਰਮਨ ਪਿਆਰੀ ਬੋਲੀ ਉਰਦੂ ਅਤੇ ਇਨ੍ਹਾਂ ਸਾਰੀਆਂ ਭਾਸ਼ਾਵਾਂ ਦੀ ਜਨਨੀ ਸੰਸਕ੍ਰਿਤ ਦਾ ਵੀ ਵਿਕਾਸ ਕਰਨਾ ਹੈ।

**ਸਮੱਗਰੀ**

ਪੰਜਾਬੀ ਵਿਸ਼ਵਕੋਸ਼/ ਪੰਜਾਬ ਕੋਸ਼, ਕੋਸ਼ਕਾਰੀ, ਸ਼ਬਦਾਵਲੀ, ਬਾਲ ਗਿਆਨ ਸਾਹਿਤ, ਅਨੁਵਾਦ, ਸਰਵੇ, ਭਾਸ਼ਾਵਾਂ ਦਾ ਵਿਕਾਸ, ਸਾਹਿਤਕ ਸਮਾਗਮ ਅਤੇ ਪੁਸਤਕ ਪ੍ਰਦਰਸ਼ਨੀਆਂ ਅਤੇ 18 ਸ਼੍ਰੋਮਣੀ ਸਾਹਿਤਕਾਰਾਂ ਨੂੰ ਪੁਰਸਕਾਰ ਅਤੇ 17 ਪੰਜਾਬੀ, ਹਿੰਦੀ ਤੇ ਉਰਦੂ ਦੇ ਲੋੜਵੰਦ ਲੇਖਕਾਂ ਨੂੰ ਪੈਨਸ਼ਨ ਆਦਿ।

**ਆਉਟ ਪੁੱਟ**

ਭਾਸ਼ਾ ਵਿਭਾਗ ਵੱਲੋਂ ਆਪਣੀਆਂ ਸਮੁੱਚੀਆਂ ਸਕੀਮਾਂ ਤਹਿਤ ਵੱਖ-ਵੱਖ ਕਾਰਜ/ਪ੍ਰਕਾਸ਼ਨ ਅਤੇ ਪੰਜਾਬੀ ਦੇ 10, ਹਿੰਦੀ ਦੇ 01 ਅਤੇ ਉਰਦੂ ਦੇ 03 ਲੇਖਕਾਂ ਨੂੰ 5000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਅਤੇ ਲੋੜਵੰਦ ਲੇਖਕਾਂ ਦੇ ਆਸ਼ਰਿਤ ਪਰਿਵਾਰਾਂ ਪੰਜਾਬੀ ਦੇ 01, ਹਿੰਦੀ ਦੇ 02 ਅਤੇ ਉਰਦੂ ਦੇ 05 ਨੂੰ 2500/- ਰੁਪਏ ਪ੍ਰਤੀ ਮਹੀਨੇ ਮਾਲੀ ਸਹਾਇਤਾ ਪ੍ਰਦਾਨ ਕੀਤੀ ਗਈ। ਇਸੇ ਤਰ੍ਹਾਂ ਵੱਖ ਵੱਖ ਪੰਜਾਬੀ, ਹਿੰਦੀ ਸਾਹਿਤ ਸਭਾਵਾਂ ਨੂੰ ਮਾਲੀ ਸਹਾਇਤਾ ਸਕੀਮ ਅਧੀਨ ਗ੍ਰਾਂਟ ਮੁਹੱਈਆ ਕੀਤੀ ਗਈ। ਗਰੀਬ ਲੇਖਕਾਂ ਦੀ ਵਿਭਾਗ ਵੱਲੋਂ ਪੁਸਤਕਾਂ ਛਪਾਉਣ ਲਈ ਆਰਥਿਕ ਮਦਦ ਕੀਤੀ ਗਈ।

ਹ) ਪ੍ਰੋਗਰਾਮ ਤੇ ਪ੍ਰਾਜੈਕਟ:

1. ਪੰਜਾਬੀ ਵਿਸ਼ਵਕੋਸ਼/ ਪੰਜਾਬ ਕੋਸ਼
2. ਕੋਸ਼ਕਾਰੀ
3. ਸ਼ਬਦਾਵਲੀ
4. ਬਾਲ ਗਿਆਨ ਸਾਹਿਤ
5. ਅਨੁਵਾਦ
6. ਪੇਪਰ ਬੈਕ
7. ਸਰਵੇ
8. ਸੰਪਾਦਨ/ਲਿਪੀਅੰਤਰਣ/ਪਨਲਿਟ
9. ਸ਼੍ਰੋਮਣੀ ਪੁਰਸਕਾਰ/ਸਰਵੋਤਮ ਪੁਸਤਕ ਪੁਰਸਕਾਰ
10. ਸਾਹਿਤਕ ਸਮਾਗਮ (ਪੰਜਾਬ ਅਤੇ ਪੰਜਾਬੋਂ ਬਾਹਰ)
11. ਸਾਹਿਤਕਾਰਾਂ ਨੂੰ ਪੈਨਸ਼ਨ/ਮਾਲੀ ਸਹਾਇਤਾ
12. ਖੇਤਰ
13. ਪੰਜਾਬੀ ਟਾਈਪ/ਸ਼ਾਰਟਹੈਂਡ ਦੀ ਮੁਫ਼ਤ ਸਿਖਲਾਈ
14. ਉਰਦੂ ਭਾਸ਼ਾ ਦੀ ਮੁਫ਼ਤ ਸਿਖਲਾਈ
15. ਪੰਜਾਬੀ/ਹਿੰਦੀ ਸਾਹਿਤ ਸਿਰਜਨ ਅਤੇ ਕਵਿਤਾ ਗਾਇਨ ਮੁਕਾਬਲੇ(ਜਿਲ੍ਹਾ ਅਤੇ ਰਾਜ ਪੱਧਰ)

Scanned with CamScanner

16. ਕੁਇਜ਼ ਮੁਕਾਬਲੇ (ਜਿਲ੍ਹਾ ਅਤੇ ਰਾਜ ਪੱਧਰ)
17. ਵਿਭਾਗੀ ਪ੍ਰਕਾਸ਼ਨਾਵਾਂ ਦੀ ਵਿਕਰੀ

**ਰੂਪਰੇਖਾ / ਵਰਨਣ**

**1. ਪੰਜਾਬੀ ਵਿਸ਼ਵਕੋਸ਼/ਪੰਜਾਬ ਕੋਸ਼**

ਪੰਜਾਬੀ ਵਿਸ਼ਵਕੋਸ਼ ਜਿਸ ਨੂੰ 1975 ਵਿਚ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਦੇ ਪੈਟਰਨ ਉਤੇ ਸ਼ੁਰੂ ਕੀਤਾ ਗਿਆ ਸੀ, ਵਿਭਾਗ ਦਾ ਇਕ ਅਹਿਮ ਪ੍ਰਾਜੈਕਟ ਹੈ।

ਪੰਜਾਬੀ ਵਿਸ਼ਵਕੋਸ਼ ਨੂੰ 20 ਜਿਲਦਾਂ ਵਿਚ ਮੁਕੰਮਲ ਕੀਤਾ ਜਾਣਾ ਹੈ। ਇਸ ਦੀਆਂ 17 ਜਿਲਦਾਂ ਤਿਆਰ ਹੋ ਚੁੱਕੀਆਂ ਹਨ। ਜਿਨ੍ਹਾਂ ਵਿਚ 13 ਜਿਲਦਾਂ ਛਪ ਚੁੱਕੀਆਂ ਹਨ। ਛਪ ਚੁੱਕੀਆਂ ਆਊਟ ਆਫ ਸਟਾਕ ਹੋ ਚੁੱਕੀਆਂ ਜਿਲਦਾਂ ਦੀ ਸੋਧ ਵੀ ਨਾਲੋਂ ਨਾਲ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚੋਂ ਜਿਲਦ ਪਹਿਲੀ, ਦੂਜੀ, ਤੀਜੀ, ਚੌਥੀ ਅਤੇ ਪੰਜਵੀਂ ਜਿਲਦ ਦੀ ਸੋਧ ਕੀਤੀ ਜਾ ਚੁੱਕੀ ਹੈ।

ਪੰਜਾਬੀ ਵਿਸ਼ਵਕੋਸ਼ ਦੀ ਤਰ੍ਹਾਂ ਵਿਭਾਗ ਵਲੋਂ ਦੋ ਜਿਲਦਾਂ ਵਿਚ 'ਪੰਜਾਬ ਕੋਸ਼' ਤਿਆਰ ਕੀਤਾ ਗਿਆ ਹੈ। ਇਸ ਵਿਚ ਪੰਜਾਬ ਦੇ ਇਤਿਹਾਸ, ਭੂਗੋਲ, ਰਾਜਨੀਤੀ, ਧਰਮ, ਸਾਹਿਤ ਅਤੇ ਸਭਿਆਚਾਰ ਬਾਰੇ ਠੋਸ ਅਤੇ ਨਿੱਗਰ ਜਾਣਕਾਰੀ ਦਿੱਤੀ ਗਈ ਹੈ। ਇਸ ਕੋਸ਼ ਦੀਆਂ ਦੋਹਾਂ ਜਿਲਦਾਂ ਦੀ ਸੁਧਾਈ ਦਾ ਕਾਰਜ ਵੀ ਜਾਰੀ ਹੈ।

**2. ਕੋਸ਼ਕਾਰੀ**

ਰਾਜ ਭਾਸ਼ਾ ਐਕਟ ਬਣਨ ਨਾਲ ਵਿਸਤ੍ਰਿਤ ਸ਼ਬਦਾਵਲੀ ਦੀ ਲੋੜ ਮਹਿਸੂਸ ਕੀਤੀ ਗਈ ਜਿਸ ਨੂੰ ਪੂਰਾ ਕਰਨ ਲਈ ਇਕ ਵਿਸਤ੍ਰਿਤ ਕੋਸ਼ 1981 ਤੱਕ ਵਿਭਾਗ ਨੇ ਛੇ ਜਿਲਦਾਂ ਵਿਚ 'ਪੰਜਾਬੀ-ਪੰਜਾਬੀ ਕੋਸ਼' ਤਿਆਰ ਕੀਤਾ ਜਿਸ ਵਿਚ ਲਗਭਗ ਡੇਢ ਲੱਖ ਐਂਟਰੀਆਂ ਸ਼ਾਮਲ ਹਨ ਵਿਸਤ੍ਰਿਤ ਕੋਸ਼ ਤੋਂ ਇਲਾਵਾ ਪਾਠਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਦਾ ਇਕ ਪ੍ਰਮਾਣਿਤ ਕੋਸ਼ 'ਪ੍ਰਮਾਣਿਕ ਪੰਜਾਬੀ ਕੋਸ਼' ਵੀ ਤਿਆਰ ਕੀਤਾ ਗਿਆ। ਪੰਜਾਬੀ ਦੀਆਂ ਉਪ ਭਾਸ਼ਾਵਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਗਿਆ ਅਤੇ ਪੁਆਧੀ ਤੇ ਪੋਠੋਹਾਰੀ ਕੋਸ਼ ਵੀ ਤਿਆਰ ਕੀਤੇ ਗਏ ਹਨ। ਭਾਸ਼ਾਵਾਂ ਦੇ ਆਦਾਨ ਪ੍ਰਦਾਨ ਨੂੰ ਮੱਦੇ ਨਜ਼ਰ ਰੱਖਦੇ ਹੋਏ ਦੋ ਭਾਸ਼ੀ, ਬਹੁ ਭਾਸ਼ੀ ਕੋਸ਼ ਵੀ ਪ੍ਰਕਾਸ਼ਿਤ ਕਰਕੇ ਪਾਠਕਾਂ ਦੀ ਝੋਲੀ ਵਿਚ ਪਾਏ ਗਏ। ਜਿਵੇਂ ਹਿੰਦੀ-ਪੰਜਾਬੀ ਕੋਸ਼, ਪੰਜਾਬੀ-ਹਿੰਦੀ ਕੋਸ਼, ਉਰਦੂ-ਪੰਜਾਬੀ-ਹਿੰਦੀ ਕੋਸ਼, ਪੰਜਾਬੀ-ਕਸ਼ਮੀਰੀ ਕੋਸ਼ ਆਦਿ। ਪੰਜਾਬੀ-ਉਰਦੂ ਕੋਸ਼, ਡੋਗਰੀ-ਪੰਜਾਬੀ ਕੋਸ਼, ਪੰਜਾਬੀ-ਅੰਗਰੇਜ਼ੀ ਕੋਸ਼, ਪੰਜਾਬੀ-ਅੰਗਰੇਜ਼ੀ ਕੋਸ਼-ਮੈਟਰਿਕ ਪੱਧਰ, ਅੰਗਰੇਜ਼ੀ-ਪੰਜਾਬੀ ਮਿਡਲ ਕੋਸ਼ ਵੀ ਭਾਗ ਵੱਲੋਂ ਤਿਆਰ ਕੀਤੇ ਜਾ ਚੁੱਕੇ ਹਨ।

**3. ਸ਼ਬਦਾਵਲੀ**

ਕੇਂਦਰੀ ਸਰਕਾਰ ਨੇ ਸੰਨ 1963 ਵਿਚ ਇਲਾਕਾਈ ਭਾਸ਼ਾਵਾਂ ਵਿਚ ਤਕਨੀਕੀ ਸ਼ਬਦਾਵਲੀ ਸਿਰਜਣ ਬਾਰੇ ਵੱਖ-ਵੱਖ ਰਾਜ ਸਰਕਾਰਾਂ ਨੂੰ ਹਦਾਇਤ ਕੀਤੀ।

ਤਕਨੀਕੀ ਸ਼ਬਦਾਵਲੀ ਕਮਿਸ਼ਨ ਵਲੋਂ ਮਿੱਥੇ ਨਿਯਮਾਂ ਨੂੰ ਮੁੱਖ ਰੱਖਦੇ, ਯੂਨੀਵਰਸਿਟੀ ਪੱਧਰ ਤੱਕ ਦੀ ਸਿੱਖਿਆ ਲਈ ਤਕਨੀਕੀ ਸ਼ਬਦਾਵਲੀ ਸਿਰਜਨ ਦਾ ਕੰਮ ਆਰੰਭਿਆ। ਵਿਭਾਗ ਵਲੋਂ ਹੁਣ ਤੱਕ ਵਿਗਿਆਨ ਅਤੇ ਆਰਟਸ ਦੇ 34 ਵਿਸ਼ਿਆਂ ਦੀਆਂ ਗ਼ਲਾਸਰੀਆਂ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ। ਜਿਵੇਂ ਕਿ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਬਨਸਪਤੀ-ਵਿਗਿਆਨ, ਪ੍ਰਾਣੀ ਵਿਗਿਆਨ, ਭੂ ਵਿਗਿਆਨ, ਭੂਗੋਲ, ਗਣਿਤ, ਰਾਜਨੀਤੀ ਵਿਗਿਆਨ, ਲੋਕ ਪ੍ਰਸ਼ਾਸਨ, ਨਾਗ਼ਰਿਕ ਸ਼ਾਸਤਰ, ਅਰਥ ਵਿਗਿਆਨ, ਇਤਿਹਾਸ, ਦਰਸ਼ਨ ਸ਼ਾਸਤਰ, ਸਮਾਜ ਵਿਗਿਆਨ, ਮਨੋ ਵਿਗਿਆਨ, ਸਿਖਿਆ, ਸਰੀਰਕ ਸਿਖਿਆ, ਖੇਤੀ ਵਿਗਿਆਨ, ਭਾਸ਼ਾ ਵਿਗਿਆਨ, ਸੰਗੀਤ, ਲਲਿਤ ਕਲਾ, ਵਣ-ਵਿਗਿਆਨ, ਪਦਨਾਮ, ਪੱਤਰਕਾਰੀ, ਲਾਇਬ੍ਰੇਰੀ-ਵਿਗਿਆਨ ਅਤੇ ਇੰਜੀਨੀਅਰਿੰਗ (ਜਿਲਦ-1) ਆਦਿ। ਸਰਕਾਰ ਵਲੋਂ ਨਿਸ਼ਚਿਤ ਕੀਤੀਆਂ ਮਾਹਿਰ ਕਮੇਟੀਆਂ ਦੁਆਰਾ ਇਨ੍ਹਾਂ ਗ਼ਲਾਸਰੀਆਂ ਦੀ ਵੈਟਿੰਗ ਕੀਤੇ ਜਾਣ ਉਪਰੰਤ ਇਨ੍ਹਾਂ ਗ਼ਲਾਸਰੀਆਂ ਦੀਆਂ ਦੂਜੀਆਂ ਐਡੀਸ਼ਨਾਂ ਵੀ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ।

**4. ਬਾਲ ਤੇ ਗਿਆਨ ਸਾਹਿਤ**

ਬਾਲ ਅਤੇ ਗਿਆਨ ਸਾਹਿਤ ਦੀ ਘਾਟ ਨੂੰ ਪੂਰਾ ਕਰਨ ਲਈ ਵੱਖ ਵੱਖ ਵਿਸ਼ਿਆਂ ਸਬੰਧੀ ਸਾਡਾ ਵਿਰਸਾ, ਆਮ ਵਾਕਫ਼ੀਅਤ ਸੀਰੀਜ਼, ਬਾਲ ਸਾਹਿਤ, ਸਚਿੱਤਰ ਨਰਸਰੀ ਸੀਰੀਜ਼, ਛੋਟੇ ਬੱਚਿਆਂ ਲਈ ਸਚਿੱਤਰ ਸਾਹਿਤ ਸੀਰੀਜ਼, ਸਫ਼ਰਨਾਮਾ ਸੀਰੀਜ਼, ਜੀਵਨੀ ਸੀਰੀਜ਼, ਸਾਹਸ ਤੇ ਬੀਰਤਾ ਸੀਰੀਜ਼, ਦੇਸ਼-ਵਿਦੇਸ਼ ਦਰਸ਼ਨ ਸੀਰੀਜ਼, ਭਾਰਤ ਦਰਸ਼ਨ ਸੀਰੀਜ਼, ਪੰਜਾਬ ਦਰਸ਼ਨ ਸੀਰੀਜ਼, ਕਿੱਤਾ ਸੀਰੀਜ਼, ਖੇਡ ਸੀਰੀਜ਼, ਜੀਵਨ ਜਾਚ ਸੀਰੀਜ਼, ਕੌਮੀ ਏਕਤਾ, ਆਦਰਸ਼ ਸਮਾਜ, ਬਾਲ ਕਹਾਣੀ, ਬਾਲ ਕਲਾਸਕੀ ਸਾਹਿਤ, ਰਵਾਇਤੀ ਤੇ ਨਵੀਨ ਸੰਗੀਤਕ ਸਾਜ਼, ਪੰਜਾਬ ਦੇ ਉਘੇ ਸਾਹਿਤਕਾਰ,

Scanned with CamScanner

ਸਾਡੇ ਤੀਰਥ ਅਸਥਾਨ ਆਦਿ ਵੱਖ ਵੱਖ ਸੀਰੀਜ਼ ਅਧੀਨ 600 ਪੁਸਤਕਾਂ ਤਿਆਰ ਕਰਕੇ ਪ੍ਰਕਾਸ਼ਿਤ ਕਰਨ ਦੀ ਯੋਜਨਾ ਹੈ ਜਿਨ੍ਹਾਂ ਵਿਚੋਂ ਹੁਣ ਤੱਕ ਇਨ੍ਹਾਂ ਸੀਰੀਜ਼ ਅਧੀਨ ਲਗਭਗ 300 ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਇਸ ਤੋਂ ਇਲਾਵਾ ਪਾਠਕਾਂ ਦੀ ਮੰਗ ਨੂੰ ਮੁੱਖ ਰੱਖਕੇ ਪੁਸਤਕਾਂ ਦੇ ਸੋਧੇ ਐਡੀਸ਼ਨ ਵੀ ਪ੍ਰਕਾਸ਼ਿਤ ਕਰਵਾਏ ਜਾ ਰਹੇ ਹਨ।

**5. ਅਨੁਵਾਦ**

ਅਨੁਵਾਦ ਭਾਗ ਦੀ ਸਥਾਪਨਾ ਦਾ ਮੁੱਖ ਉਦੇਸ਼ ਰਾਜ ਵਿਚ ਪ੍ਰਸ਼ਾਸਕੀ ਪੱਧਰ ਤੇ ਪੰਜਾਬੀ ਦਾ ਪ੍ਰਚਾਲਣ ਕਰਨਾ ਸੀ। ਇਸ ਮੰਤਵ ਦੀ ਪੂਰਤੀ ਲਈ ਪ੍ਰਬੰਧਕੀ ਕਾਰਜਾਂ ਨੂੰ ਅੰਗਰੇਜ਼ੀ ਤੋਂ ਬਦਲ ਕੇ ਪੰਜਾਬੀ ਵਿਚ ਕਰਨ ਲਈ ਅਤੇ ਰਾਜ ਭਾਸ਼ਾ ਐਕਟ ਦੇ ਉਪਬੰਧਾਂ ਨੂੰ ਪ੍ਰਭਾਵਕਾਰੀ ਰੂਪ ਵਿਚ ਲਾਗੂ ਕਰਨ ਲਈ ਸਾਰੇ ਵਿਭਾਗਾਂ ਨਾਲ ਸਬੰਧਤ ਹਰ ਪ੍ਰਕਾਰ ਦੇ ਐਕਟਾਂ, ਕੋਡਾਂ, ਮੈਨੂਅਲਾਂ, ਫਾਰਮਾਂ ਅਤੇ ਹਦਾਇਤਾਂ ਆਦਿ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ। ਪੰਜਾਬੀ ਪਾਠਕਾਂ ਨੂੰ ਵਿਸ਼ਵ ਕਲਾਸਕੀ ਸਾਹਿਤ ਵਿਚ ਪ੍ਰਚਲਿਤ ਵਿਚਾਰਧਾਰਾ ਅਤੇ ਵਿਭਿੰਨ ਲੇਖਣ ਸ਼ੈਲੀਆਂ ਤੋਂ ਜਾਣੂ ਕਰਵਾਉਣ ਲਈ ਦੁਨੀਆ ਦੀਆਂ ਹੋਰ ਭਾਸ਼ਾਵਾਂ ਦਾ ਸਾਹਿਤ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਪ੍ਰਕਾਸ਼ਿਤ ਕੀਤਾ ਜਾਵੇ। ਤਾਂ ਜੋ ਪੰਜਾਬੀ ਪਾਠਕ ਸੀਮਤ ਧਾਰਾ ਵਿਚੋਂ ਨਿਕਲ ਕੇ ਸਾਹਿਤ ਦੇ ਵਿਸ਼ਾਲ ਸਮੁੰਦਰ ਵਿਚ ਗ਼ੋਤੇ ਲਗਾ ਸਕਣ, ਇਸ ਉਦੇਸ਼ ਅਧੀਨ ਅਨੁਵਾਦ ਭਾਗ ਵਿਚ ਵਿਸ਼ਵ ਕਲਾਸਕੀ ਪੁਸਤਕਾਂ ਦੇ ਅਨੁਵਾਦ ਦਾ ਕੰਮ ਅਰੰਭਿਆ ਗਿਆ। ਸਿੱਟੇ ਵਜੋਂ ਹੁਣ ਤੱਕ 215 ਕਲਾਸਕੀ ਪੁਸਤਕਾਂ, ਜੋ ਅੰਗਰੇਜ਼ੀ, ਫ਼ਾਰਸੀ, ਉਰਦੂ, ਹਿੰਦੀ ਅਤੇ ਸੰਸਕ੍ਰਿਤ ਵਿਚ ਹਨ, ਦਾ ਪੰਜਾਬੀ ਵਿਚ ਅਨੁਵਾਦ ਹੋ ਚੁੱਕਿਆ ਹੈ। ਅੰਗਰੇਜ਼ੀ ਦੇ ਪ੍ਰਸਿੱਧ ਸਾਹਿਤਕਾਰਾਂ, ਜਿਵੇਂ ਕਿ ਸ਼ੈਕਸਪੀਅਰ, ਮਿਲਟਨ, ਬੇਕਨ, ਜਾਨਸਨ, ਗ਼ਾਲਜ਼ਵਰਦੀ, ਟੀ.ਐਸ ਈਲੀਅਟ, ਬੈਨਜਾਨਸਨ ਆਦਿ ਵਰਗੇ ਕਲਾਸੀਕਲ ਲੇਖਕਾਂ ਦੀਆਂ ਕਈ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਪੁਸਤਕ ਰੂਪ ਵਿਚ ਛਾਪਿਆ ਗਿਆ।

ਇਸ ਤੋਂ ਇਲਾਵਾ ਹਰ ਸਾਲ ਬਜਟ ਪੇਸ਼ ਕਰਨ ਸਮੇਂ ਮਾਣਯੋਗ ਗਵਰਨਰ ਅਤੇ ਵਿੱਤ ਮੰਤਰੀ ਜੀ ਵਲੋਂ ਦਿਤੇ ਜਾਣ ਵਾਲੇ ਭਾਸ਼ਣਾਂ ਦਾ ਪੰਜਾਬੀ/ਹਿੰਦੀ ਅਨੁਵਾਦ ਕੀਤਾ ਜਾਂਦਾ ਹੈ।

**6.ਪੇਪਰ ਬੈਕ**

ਪੇਪਰ ਬੈਕ ਸਕੀਮ ਦੀ ਸ਼ੁਰੂਆਤ ਸਾਲ 1981 ਵਿਚ ਹੋਈ। ਇਸ ਸਕੀਮ ਦਾ ਮੂਲ ਮੰਤਵ ਪੰਜਾਬੀ ਸਾਹਿਤ ਭੰਡਾਰ ਨੂੰ ਹੋਰ ਭਰਪੂਰਤਾ ਬਖ਼ਸ਼ਣੀ, ਪਾਠਕਾਂ ਦਾ ਘੇਰਾ ਵਿਸ਼ਾਲ ਕਰਨ ਲਈ ਉਨ੍ਹਾਂ ਨੂੰ ਵੱਖ ਵੱਖ ਸਾਹਿਤਕ ਪੁਸਤਕਾਂ ਛਾਪ ਕੇ ਵਾਜਬ ਕੀਮਤ ਤੇ ਮੁਹੱਈਆ ਕਰਵਾਉਣਾ ਹੈ।

ਇਸ ਸਕੀਮ ਅਧੀਨ ਕੇਵਲ ਉਹੀ ਪੁਸਤਕਾਂ ਛਾਪਣ ਦਾ ਕੰਮ ਹੱਥ ਵਿਚ ਲਿਆ ਜਾਂਦਾ ਹੈ ਜਿਹੜੀਆਂ ਪਹਿਲਾਂ ਛਪ ਚੁੱਕੀਆਂ ਹੋਣ ਜਾਂ ਉਨ੍ਹਾਂ ਦੇ ਮਿਆਰੀ ਹੋਣ ਬਾਰੇ ਪ੍ਰਮਾਣ ਪੱਤਰ ਪ੍ਰਾਪਤ ਹੋਵੇ।

ਪੇਪਰ ਬੈਕ ਸਕੀਮ ਦੀ ਸਾਹਿਤ ਅਧਿਐਨ ਸੀਰੀਜ਼ ਤਹਿਤ ਪ੍ਰਸਿੱਧ ਪੰਜਾਬੀ ਲੇਖਕਾਂ ਅਤੇ ਸਨਮਾਨਿਤ ਸਾਹਿਤਕਾਰਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਵੱਖ-ਵੱਖ ਲੇਖਕਾਂ ਤੋਂ ਪੁਸਤਕਾਂ ਲਿਖਵਾਈਆਂ ਜਾਂਦੀਆਂ ਹਨ ਇਸ ਸਕੀਮ ਅਧੀਨ 55 ਪੁਸਤਕਾਂ ਛਪ ਚੁੱਕੀਆਂ ਹਨ।

**7. ਸਰਵੇ**

ਭਾਸ਼ਾਈ ਅਤੇ ਸਭਿਆਚਾਰਕ ਸਰਵੇਖਣ ਭਾਸ਼ਾ ਵਿਭਾਗ ਦੀ ਇਕ ਮਹੱਤਵਪੂਰਨ ਸਕੀਮ ਹੈ। ਇਸ ਸਕੀਮ ਅਧੀਨ ਵਿਭਾਗ ਵਲੋਂ ਪ੍ਰਮੁੱਖ ਸਥਾਨਾਂ ਦਾ ਸਰਵੇ ਕਰਵਾ ਕੇ ਪੁਸਤਕਾਂ ਛਾਪੀਆਂ ਜਾ ਰਹੀਆਂ ਹਨ। ਸਾਲ 1969 ਤੋਂ ਸਰਵੇ ਦਾ ਕੰਮ ਆਰੰਭ ਕੀਤਾ ਗਿਆ ਹੈ।

ਸਰਵੇ ਪੁਸਤਕਾਂ ਵਿਚ ਲੋਕ ਸਾਹਿਤ ਦੇ ਨਾਲ ਨਾਲ ਉਸ ਖੇਤਰ ਦੇ ਪੁਰਾਤਨ, ਇਤਿਹਾਸ, ਮਿਥਿਹਾਸ ਅਤੇ ਭੂਗੋਲਿਕ ਪੱਖਾਂ ਉਤੇ ਵੀ ਰੌਸ਼ਨੀ ਪਾਈ ਜਾਂਦੀ ਹੈ। ਇਸ ਸਕੀਮ ਅਧੀਨ ਹੁਣ ਤਕ 45 ਪੁਸਤਕਾਂ ਛਪ ਚੁੱਕੀਆਂ ਹਨ ਅਤੇ 02 ਪੁਸਤਕਾਂ ਨੂੰ ਅਪਡੇਟ ਕਰਕੇ ਛਾਪਿਆ ਗਿਆ ਹੈ।

**8. ਸੰਪਾਦਨ/ ਲਿਪੀ ਅੰਤਰਣ/ਪਨਲਿਟ**

ਸੰਪਾਦਨ ਭਾਗ ਦਾ ਮੁੱਖ ਉਦੇਸ਼ ਲੋਕ-ਪ੍ਰਿਯ ਸਾਹਿਤਕਾਰਾਂ ਦੀਆਂ ਰਚਨਾਵਾਂ, ਜੋ ਸਮੇਂ ਨਾਲ ਦੁਰਲੱਭ ਹੋ ਜਾਂਦੀਆਂ ਹਨ ਅਤੇ ਪਾਠਕਾਂ ਤੇ ਆਲੋਚਕਾਂ ਦੀ ਪਹੁੰਚ ਵਿਚ ਨਹੀਂ ਰਹਿੰਦੀਆਂ, ਉਹਨਾਂ ਰਚਨਾਵਾਂ ਨੂੰ ਪਾਠਕਾਂ ਤੱਕ ਪਹੁੰਚਾਣ ਲਈ ਸੰਪਾਦਨ ਸਬੰਧੀ ਵੱਖ ਵੱਖ ਸਕੀਮਾਂ ਬਣਾਈਆਂ ਗਈਆਂ ਹਨ। ਇਹਨਾਂ ਸਕੀਮਾਂ ਅਧੀਨ ਉਚੇਰੇ ਸਾਹਿਤ ਨੂੰ ਸੰਪਾਦਿਤ ਕਰਕੇ ਆਮ ਪਾਠਕਾਂ ਤੱਕ ਪਹੁੰਚਾਇਆ ਜਾਂਦਾ ਹੈ।

ਉਘੇ ਸਾਹਿਤਕਾਰਾਂ ਦੀਆਂ ਸਮੁੱਚੀਆਂ ਰਚਨਾਵਾਂ ਨੂੰ ਇਕ ਥਾਂ ਇਕੱਠੀਆਂ ਕਰਕੇ ਸੰਪਾਦਿਤ ਕਰਨ ਦੀ ਸਕੀਮ ਸਾਰੀਆਂ ਰਚਨਾਵਲੀਆਂ ਵਿਭਾਗ ਵੱਲੋਂ ਛਾਪੀਆਂ ਗਈਆਂ ਹਨ। ਸੰਪਾਦਨ ਵਿਭਾਗ ਨੇ ਹੁਣ ਤੱਕ ਲਗਭਗ 110 ਪੁਸਤਕਾਂ

Scanned with CamScanner

570

ਭਾਵ ਪੀ.ਐਚ.ਡੀ. ਤੇ ਡੀ.ਲਿਟ ਦੇ ਥੀਸਿਜ਼, ਦੁਰਲਭ ਹੱਥ ਲਿਖਤ ਖਰੜੇ, ਵਿਦਵਾਨ ਲੇਖਕਾਂ ਦੀਆਂ ਰਚਨਾਵਲੀਆਂ ਅਤੇ ਕਲਾ ਅਨੁਭਵ ਆਦਿ ਪ੍ਰਕਾਸ਼ਿਤ ਕਰਵਾਏ ਹਨ।

1970-71 ਵਿਚ ਲਿੱਪੀ ਅੰਤਰਣ ਸਕੀਮ ਅਧੀਨ ਪੰਜਾਬ ਵਿਚ ਰਚਿਤ ਹਿੰਦੀ ਸਾਹਿਤ ਜੋ ਗੁਰਮੁਖੀ ਅਖਰਾਂ ਵਿਚ ਹੱਥ ਲਿਖਤ ਰੂਪ ਵਿਚ ਮਿਲਦਾ ਹੈ, ਨੂੰ ਲੋੜ ਅਨੁਸਾਰ ਸੰਪਾਦਨ/ਲਿੱਪੀ ਅੰਤਰਣ ਕਰਕੇ ਪ੍ਰਕਾਸ਼ਿਤ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਇਸ ਸਕੀਮ ਅਧੀਨ ਹੁਣ ਤੱਕ ਲਗਭਗ 27 ਗ੍ਰੰਥ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਚਾਰ ਪੁਸਤਕਾਂ ਪੁਨਰ ਪ੍ਰਕਾਸ਼ਿਤ ਵੀ ਹੋ ਚੁੱਕੀਆਂ ਹਨ।

**9. ਸ਼੍ਰੋਮਣੀ ਪੁਰਸਕਾਰ/ਸਰਵੋਤਮ ਪੁਸਤਕ ਪੁਰਸਕਾਰ**

ਵਿਭਾਗ ਵੱਲੋਂ ਹਰ ਸਾਲ ਇਕ ਪੰਜਾਬੀ ਸਾਹਿਤ ਰਤਨ ਪੁਰਸਕਾਰ ਅਤੇ 17 ਸ਼੍ਰੋਮਣੀ ਪੁਰਸਕਾਰ ਦਿੱਤੇ ਜਾਂਦੇ ਹਨ। ਇਹ ਪੁਰਸਕਾਰ ਵੱਖ ਵੱਖ ਵਿਧਾਵਾਂ ਨਾਲ ਸਬੰਧਤ ਹੁੰਦੇ ਹਨ। ਸਾਹਿਤ ਰਤਨ ਪੁਰਸਕਾਰ ਲਈ 10 ਲੱਖ ਰੁਪਏ ਅਤੇ ਬਾਕੀ 17 ਸ਼੍ਰੋਮਣੀ ਪੁਰਸਕਾਰਾਂ ਲਈ 05-05 ਲੱਖ ਰੁਪਏ ਅਤੇ ਪਲੇਕ, ਮੈਡਲ ਅਤੇ ਸ਼ਾਲ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਹੁਣ ਤੱਕ ਸਾਲ 2014 ਤੱਕ ਦੇ ਪੁਰਸਕਾਰ ਦਿੱਤੇ ਜਾ ਚੁੱਕੇ ਹਨ।

ਹਰ ਸਾਲ ਵਿਭਾਗ ਵਲੋਂ ਪੰਜਾਬੀ, ਹਿੰਦੀ, ਉਰਦੂ ਅਤੇ ਸੰਸਕ੍ਰਿਤ ਦੇ ਪੁਸਤਕ ਮੁਕਾਬਲੇ ਕਰਵਾਏ ਜਾਂਦੇ ਹਨ। ਹਰੇਕ ਵੰਨਗੀ ਲਈ 21,000/- ਰੁਪਏ ਦਾ ਇਨਾਮ ਅਤੇ ਪਲੇਕ ਦਿੱਤੀ ਜਾਂਦੀ ਹੈ।

ਪ੍ਰਕਾਸ਼ਕਾਂ ਨੂੰ ਉਤਸ਼ਾਹਿਤ ਕਰਨ ਹਿਤ ਵਧੀਆ ਪੁਸਤਕਾਂ ਛਾਪਣ ਵਾਲੇ ਪ੍ਰਕਾਸ਼ਕ ਨੂੰ 11,000/- ਰੁਪਏ ਦਾ ਇਨਾਮ ਅਤੇ ਪਲੇਕ ਦਿੱਤੀ ਜਾਂਦੀ ਹੈ।

**10. ਸਾਹਿਤਕ ਸਮਾਗਮ(ਪੰਜਾਬ ਅਤੇ ਪੰਜਾਬੋਂ ਬਾਹਰ)**

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਹਰ ਸਾਲ ਪੰਜਾਬੀ ਸਪਤਾਹ ਮਨਾਇਆ ਜਾਂਦਾ ਹੈ। ਇਸ ਸਪਤਾਹ ਦੌਰਾਨ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਸਾਹਿਤਕ ਸਮਾਗਮ, ਗੋਸ਼ਟੀਆਂ, ਕਵੀ ਦਰਬਾਰ ਆਦਿ ਕਰਵਾਉਣ ਤੋਂ ਇਲਾਵਾ ਹਿੰਦੀ ਦਿਵਸ, ਸੰਸਕ੍ਰਿਤ ਦਿਵਸ, ਪੰਜਾਬ ਦਿਵਸ ਅਤੇ ਮਾਤ ਭਾਸ਼ਾ ਦਿਵਸ ਆਦਿ ਮੌਕਿਆਂ ਤੇ ਸਾਹਿਤਕ ਸਮਾਗਮ ਕਰਵਾਏ ਜਾਂਦੇ ਹਨ।

ਪੰਜਾਬ ਤੋਂ ਬਾਹਰ ਵਸਦੇ ਪੰਜਾਬੀਆਂ ਨੂੰ ਆਪਣੇ ਸਭਿਆਚਾਰ ਅਤੇ ਵਿਰਾਸਤ ਨਾਲ ਜੋੜੀ ਰੱਖਣ ਲਈ ਪੰਜਾਬ ਤੋਂ ਬਾਹਰ ਦੂਜੇ ਰਾਜਾਂ ਵਿਚ ਵੀ ਸਾਹਿਤਕ ਅਤੇ ਸਭਿਆਚਾਰਕ ਸਮਾਗਮ ਕਰਵਾਏ ਜਾਂਦੇ ਹਨ। ਪੰਜਾਬੋਂ ਬਾਹਰ ਹੁਣ ਤੱਕ 29 ਵੱਖ-ਵੱਖ ਰਾਜਾਂ ਵਿਚ ਸਮਾਗਮ ਕਰਵਾਏ ਜਾ ਚੁੱਕੇ ਹਨ।

**11. ਸਾਹਿਤਕਾਰਾਂ ਨੂੰ ਪੈਨਸ਼ਨ/ਮਾਲੀ ਸਹਾਇਤਾ**

ਇਹ ਪੈਨਸ਼ਨ ਉਨ੍ਹਾਂ ਸਾਹਿਤਕਾਰਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਉਮਰ 60 ਸਾਲ ਤੋਂ ਵੱਧ ਅਤੇ ਆਮਦਨ 1000/- ਰੁਪਏ ਮਹੀਨੇ ਤੋਂ ਘੱਟ ਹੋਵੇ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸਾਹਿਤ ਦੇ ਲੇਖੇ ਲਾਇਆ ਹੋਵੇ। ਅਜਿਹੇ ਸਾਹਿਤਕਾਰਾਂ/ਲੇਖਕਾਂ ਨੂੰ ਜੀਵਨ ਨਿਰਬਾਹ ਲਈ 5000/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਪੈਨਸ਼ਨ ਦਿੱਤੀ ਜਾਂਦੀ ਹੈ।

ਵਿਭਾਗ ਵਲੋਂ ਉਨ੍ਹਾਂ ਲੇਖਕਾਂ/ਸਾਹਿਤਕਾਰਾਂ ਦੇ ਆਸ਼ਰਿਤ ਪਰਿਵਾਰਾਂ ਨੂੰ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਜਿਨ੍ਹਾਂ ਦੇ ਸਾਹਿਤ ਦੀ ਉੱਘੀ ਸਾਹਿਤਕ ਸੇਵਾ ਕੀਤੀ ਹੋਵੇ ਅਤੇ ਲੇਖਕਾਂ ਦੇ ਆਸ਼ਰਿਤ ਪਰਿਵਾਰ ਦੀ ਆਮਦਨ 1000/- ਰੁਪਏ ਮਹੀਨੇ ਤੋਂ ਘੱਟ ਹੋਣੀ ਚਾਹੀਦੀ ਹੈ। ਅਜਿਹੇ ਲੇਖਕਾਂ ਦੇ ਆਸ਼ਰਿਤ ਪਰਿਵਾਰਾਂ ਜੀਵਨ ਨਿਰਬਾਹ ਲਈ 2500/- ਰੁਪਏ ਪ੍ਰਤੀ ਮਹੀਨਾ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

ਪੰਜਾਬੀ ਸਾਹਿਤਕਾਰਾਂ ਨੂੰ ਆਪਣੀਆਂ ਰਚਨਾਵਾਂ/ਪੁਸਤਕਾਂ ਨੂੰ ਪ੍ਰਕਾਸ਼ਿਤ ਕਰਵਾਉਣ ਵੇਲੇ ਆਉਂਦੀਆਂ ਮੁਸ਼ਕਲਾਂ ਨੂੰ ਵੇਖਦਿਆਂ ਉਨ੍ਹਾਂ ਨੂੰ ਪੁਸਤਕ ਛਪਵਾਉਣ ਹਿਤ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਖਰੜੇ ਲਈ 125 ਪੰਨਿਆਂ ਤੱਕ 10,000/ ਰੁਪਏ ਅਤੇ 125 ਤੋਂ ਉਪਰ ਪੰਨਿਆਂ ਲਈ 15,000/- ਰੁਪਏ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

ਭਾਸ਼ਾ ਅਤੇ ਸਾਹਿਤ ਵਿਚ ਜੁੱਟੀਆਂ ਅਜਿਹੀ ਸਾਹਿਤ ਸਭਾਵਾਂ ਨੂੰ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ ਜੋ ਰਜਿਸਟਰਡ ਹੋਣ ਅਤੇ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਵਿਚ ਆਪਣਾ ਨਿੱਗਰ ਯੋਗਦਾਨ ਪਾ ਰਹੀਆਂ ਹੋਣ। ਅਜਿਹੀਆਂ ਸਾਹਿਤ ਸਭਾਵਾਂ ਨੂੰ ਬਜਟ ਉਪਬੰਧ ਅਨੁਸਾਰ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

**12.ਖੇਤਰ :**

ਰਾਜ ਭਾਸ਼ਾ ਐਕਟ, 1967 ਅਤੇ ਪੰਜਾਬੀ ਰਾਜ ਭਾਸ਼ਾ (ਤਰਮੀਮ) ਐਕਟ 2008 ਦੇ ਪਾਸ ਹੋ ਜਾਣ ਤੇ ਸਮੂਹ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਅਤੇ ਸਹਾਇਕ ਡਾਇਰੈਕਟਰ(ਪੰਜਾਬੀ/ ਹਿੰਦੀ ਸੈੱਲ) ਚੰਡੀਗੜ੍ਹ ਰਾਹੀਂ ਪੰਜਾਬ ਸਰਕਾਰ ਦੇ ਸਮੂਹ ਦਫ਼ਤਰਾਂ ਦੀ ਸੂਚੀ ਭੇਜ ਕੇ ਚੈਕਿੰਗ ਕਰਵਾਈ ਜਾਂਦੀ ਹੈ ਅਤੇ ਉਨ੍ਹਾਂ ਵਲੋਂ ਪ੍ਰਾਪਤ ਰਿਪੋਟਾਂ ਰਜਿਸਟਰ ਵਿਚ ਦਰਜ

Scanned with CamScanner

ਕੀਤੀਆਂ ਜਾਂਦੀਆਂ ਹਨ ਅਤੇ ਇਹ ਰਿਪੋਟਾਂ ਕੋਤਾਹੀਕਾਰ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਲੋੜੀਂਦੀ ਅਨੁਸ਼ਾਸਨੀ ਕਾਰਵਾਈ ਕਰਨ ਹਿਤ ਸਬੰਧਤ ਪ੍ਰਿੰਸੀਪਲ ਸਕੱਤਰਾਂ/ਸਕੱਤਰ ਸਾਹਿਬਾਨ ਨੂੰ ਭੇਜੀਆ ਜਾਂਦੀਆ ਹਨ।

**ਪੰਜਾਬੀ ਪ੍ਰਬੋਧ ਪਰੀਖਿਆ**

ਸਰਕਾਰੀ ਸੇਵਾ ਵਿਚ ਆਉਣ ਦੇ ਚਾਹਵਾਨਾਂ ਲਈ ਜਿਨ੍ਹਾਂ ਨੇ ਦਸਵੀਂ ਪੱਧਰ ਤੱਕ ਪੰਜਾਬੀ ਵਿਚ ਵਿਦਿਆ ਪ੍ਰਾਪਤ ਨਹੀਂ ਕੀਤੀ ਹੁੰਦੀ ਦਾ ਮੈਟ੍ਰਿਕ ਪੱਧਰ ਦਾ ਇਮਤਿਹਾਨ ਸਾਲ ਵਿਚ 04 ਵਾਰ (ਮਾਰਚ, ਜੂਨ, ਸਤੰਬਰ ਅਤੇ ਦਸੰਬਰ) ਲਿਆ ਜਾਂਦਾ ਹੈ। ਇਸ ਨੂੰ ਪਾਸ ਕਰਨ ਉਪਰੰਤ ਹੀ ਉਹ ਕਿਸੇ ਵੀ ਸਰਕਾਰੀ ਨੌਕਰੀ ਲਈ ਪੰਜਾਬ ਦੇ ਦਫ਼ਤਰਾਂ ਵਿਚ ਬਿਨੈ ਪੱਤਰ ਦੇ ਸਕਦਾ ਹੈ।

**13. ਪੰਜਾਬੀ ਟਾਈਪ/ਸ਼ਾਰਟਹੈਂਡ ਦੀ ਮੁਫ਼ਤ ਸਿਖਲਾਈ**

ਭਾਸ਼ਾ ਵਿਭਾਗ ਵਲੋਂ ਸਮੂਹ ਜ਼ਿਲ੍ਹਾ ਪੱਧਰ ਅਤੇ ਚੰਡੀਗੜ੍ਹ ਵਿਖੇ ਟਾਈਪ/ਸ਼ਾਰਟਹੈਂਡ/ਤੇਜ਼ਗਤੀ/ਸਪੈਸ਼ਲ ਸ਼੍ਰੇਣੀ ਅਤੇ ਅਧਿਅਨ ਅਤੇ ਅਧਿਆਪਨ ਦੀਆਂ ਮੁਫ਼ਤ ਸਿਖਲਾਈ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਜਿੱਥੇ ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿਚ ਵਿਦਿਆਰਥੀ ਇਹ ਸਿਖਲਾਈ ਪ੍ਰਾਪਤ ਕਰਦੇ ਹਨ। ਇਸ ਤੋਂ ਇਲਾਵਾ ਸਾਲ ਵਿਚ 02 ਵਾਰ ਅਪ੍ਰੈਲ ਅਤੇ ਅਕਤੂਬਰ ਵਿਚ ਪ੍ਰਾਈਵੇਟ ਪ੍ਰੀਖਿਆ ਵੀ ਕਰਵਾਈ ਜਾਂਦੀ ਹੈ।

**14. ਉਰਦੂ ਭਾਸ਼ਾ ਦੀ ਮੁਫ਼ਤ ਸਿਖਲਾਈ**

ਸਮੂਹ ਜ਼ਿਲ੍ਹਾ ਪੱਧਰ ਅਤੇ ਚੰਡੀਗੜ੍ਹ ਵਿਖੇ ਉਰਦੂ ਦੀ ਮੁੱਢਲੀ ਸਿੱਖਿਆ ਦੇਣ ਲਈ ਸਾਲ ਵਿਚ 02 ਵਾਰ 06-06 ਮਹੀਨਿਆਂ ਦੇ "ਉਰਦੂ ਆਮੋਜ਼" ਦੇ ਮੁਫ਼ਤ ਸਿਖਲਾਈ ਕੋਰਸ ਕਰਵਾਏ ਜਾਂਦੇ ਹਨ। ਇਸ ਵਿਚ ਕਿਸੇ ਵੀ ਉਮਰ ਦੇ ਉਮੀਦਵਾਰ ਦਾਖਲਾ ਲੈ ਸਕਦੇ ਹਨ। ਇਨ੍ਹਾਂ ਕੋਰਸਾਂ ਵਿਚ ਹਰ ਸਾਲ ਲੱਗਭਗ 200-300 ਉਮੀਦਵਾਰ ਸਿਖਲਾਈ ਪ੍ਰਾਪਤ ਕਰਦੇ ਹਨ।

**15. ਪੰਜਾਬੀ/ਹਿੰਦੀ ਸਾਹਿਤ ਸਿਰਜਨ ਅਤੇ ਕਵਿਤਾ ਗ਼ਾਇਨ ਮੁਕਾਬਲੇ(ਜਿਲ੍ਹਾ ਅਤੇ ਰਾਜ ਪੱਧਰ)**

ਬੱਚਿਆਂ ਵਿਚ ਸਾਹਿਤਕ ਰੁਚੀ ਪੈਦਾ ਕਰਨ ਲਈ ਹਰ ਸਾਲ ਜ਼ਿਲ੍ਹਾ ਪੱਧਰ ਤੇ ਪੰਜਾਬੀ ਅਤੇ ਹਿੰਦੀ ਦੇ ਪੰਜਾਬੀ ਸਾਹਿਤ ਸਿਰਜਨ ਅਤੇ ਕਵਿਤਾ ਗ਼ਾਇਨ ਮੁਕਾਬਲੇ ਕਰਵਾਏ ਜਾਂਦੇ ਹਨ। ਇਨ੍ਹਾਂ ਮੁਕਾਬਲਿਆਂ ਵਿਚ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਪੰਜਾਬੀ ਦੇ ਰਾਜ ਪੱਧਰ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

**16. ਕੁਇਜ਼ ਮੁਕਾਬਲੇ (ਜਿਲ੍ਹਾ ਅਤੇ ਰਾਜ ਪੱਧਰ)**

ਬੱਚਿਆਂ ਦੇ ਗਿਆਨ ਵਿਚ ਵਾਧਾ ਕਰਨ ਲਈ ਹਰ ਸਾਲ 03 ਵਰਗਾਂ (ੳ, ਅ, ੲ) ਵਿਚ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੇ ਕੁਇਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ, ਸਰਟੀਫਿਕੇਟ ਅਤੇ ਪਲੇਕ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

**17. ਵਿਭਾਗੀ ਪ੍ਰਕਾਸ਼ਨਾਵਾਂ ਦੀ ਵਿਕਰੀ**

ਵਿਭਾਗ ਹੁਣ ਤੱਕ 1500 ਤੋਂ ਜ਼ਿਆਦਾ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਦੀਆਂ ਪੁਸਤਕਾਂ ਦੀ ਛਪਾਈ ਕਰਵਾ ਚੁੱਕਾ ਹੈ। ਸਟਾਕ ਵਿਚ ਖਤਮ ਹੋਣ ਕਾਰਨ ਬਹੁਤ ਸਾਰੀਆਂ ਪੁਸਤਕਾਂ ਦੇ ਰੀਪ੍ਰਿੰਟ ਐਡੀਸ਼ਨ ਵੀ ਛਾਪੇ ਗਏ ਹਨ। ਇਨ੍ਹਾਂ ਪੁਸਤਕਾਂ ਦੀ ਵਿਕਰੀ ਲਈ ਵਿਭਾਗ ਵੱਲੋਂ ਮੁੱਖ ਦਫ਼ਤਰ, ਪਟਿਆਲਾ ਅਤੇ ਸਮੂਹ ਜ਼ਿਲ੍ਹਾ ਭਾਸ਼ਾ ਦਫ਼ਤਰਾਂ ਤੋਂ ਇਲਾਵਾ ਵਿਭਾਗ ਦੇ ਚੰਡੀਗੜ੍ਹ ਅਤੇ ਦਿੱਲੀ ਸਥਿਤ ਦਫ਼ਤਰਾਂ ਵਿਚ ਵਿਕਰੀ ਕੇਂਦਰ ਸਥਾਪਿਤ ਕੀਤੇ ਹੋਏ ਹਨ। ਇਸ ਤੋਂ ਇਲਾਵਾ ਵਿਭਾਗ ਵਲੋਂ ਕਰਵਾਏ ਜਾਂਦੇ ਸਮਾਗਮਾਂ/ਮੇਲਿਆਂ ਆਦਿ ਦੌਰਾਨ ਵੀ ਪੁਸਤਕ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ। ਹਰ ਸਾਲ 30 ਲੱਖ ਰੁਪਏ ਦੀਆਂ ਪੁਸਤਕਾਂ ਦੀ ਵਿਕਰੀ ਦਾ ਟੀਚਾ ਨਿਰਧਾਰਿਤ ਕੀਤਾ ਜਾਂਦਾ ਹੈ।

**ਕ) ਹਰੇਕ ਪ੍ਰੋਗਰਾਮ/ਪ੍ਰਾਜੈਕਟ ਦੇ ਸਾਲਾਨਾ ਨਿਸ਼ਾਨੇ**

ਵਿਭਾਗ ਵੱਲੋਂ ਆਪਣੀਆਂ ਉਕਤ ਸਕੀਮਾਂ ਅਧੀਨ ਕਾਰਜ ਨਿਰੰਤਰ ਚਲਦਾ ਰਹਿੰਦਾ ਹੈ ਜਿਸ ਨੂੰ ਨਿਰਧਾਰਤ ਬਜਟ ਦੇ ਦਾਇਰੇ ਵਿਚ ਹੀ ਨੇਪਰੇ ਚੜ੍ਹਾਇਆ ਜਾਂਦਾ ਹੈ।

**5. ਮੁੱਖ ਕਾਰਗੁਜ਼ਾਰੀ ਸੂਚਕ/ਪੰਨਾ ਨੰ: 4 ਤੇ ਲਾਗੂ**

**ੳ) ਪਿਛਲੇ ਵਿੱਤੀ ਸਾਲ (2018-19) ਦੌਰਾਨ ਵਿਭਾਗ ਵਿਚ ਹੋਈਆਂ ਮਹੱਤਵਪੂਰਨ ਗਤੀਵਿਧੀਆਂ ਦੀ ਸਮੀਖਿਆ:**

Scanned with CamScanner

372

- ਰਾਜ ਭਾਸ਼ਾ ਐਕਟ ਅਧੀਨ ਪੰਜਾਬ ਦੇ ਵੱਖ-ਵੱਖ ਸਰਕਾਰੀ ਬੋਰਡਾਂ/ਕਾਰਪੋਰੇਸ਼ਨਾਂ ਦੇ 322 ਦਫਤਰ ਚੈੱਕ ਕੀਤੇ ਗਏ। ਚੈਕਿੰਗ ਦੌਰਾਨ ਕੋਈ ਵੀ ਅਧਿਕਾਰੀ ਕਰਮਚਾਰੀ ਕੁਤਾਹੀਕਾਰ ਨਹੀਂ ਪਾਇਆ ਗਿਆ।
- ਵਿਸ਼ਵਕੋਸ਼ ਦੀਆਂ ਤਿਆਰੀਆਂ ਅਧੀਨ ਜਿਲਦਾਂ ਅਤੇ ਪੰਜਾਬ ਕੋਸ਼ ਦੇ 910 ਪੰਨਿਆਂ ਦੀ ਪਰੂਫ ਰੀਡਿੰਗ ਕੀਤੀ ਗਈ। ਵਿਸ਼ਵਕੋਸ਼ ਜਿਲਦ-18 ਅਤੇ ਜਿਲਦ 4 (ਪੁਨਰ ਪ੍ਰਕਾਸ਼ਨ) ਦੀਆਂ 221 ਪੰਨਿਆਂ ਦੀਆਂ ਨਵੀਆਂ ਐਂਟਰੀਆਂ ਲਿਖਣ ਤੋਂ ਇਲਾਵਾ ਜਿਲਦ 15 ਤੇ 16 ਦੀਆਂ ਕੁਅੱਰੀਜ਼ ਦੂਰ ਕੀਤੀਆਂ ਗਈਆਂ।
- ਤਿਆਰ ਕੀਤੇ ਜਾ ਰਹੇ ਹਿੰਦੀ-ਪੰਜਾਬੀ ਕੋਸ਼, ਮੁਹਾਵਰਾ ਕੋਸ਼ ਅਤੇ ਡੋਗਰੀ ਪੰਜਾਬੀ ਕੋਸ਼ ਦੇ 3048 ਪੰਨਿਆਂ ਦੀ ਪਰੂਫ ਰੀਡਿੰਗ ਕੀਤੀ ਗਈ।
- ਤਿਆਰ ਕੀਤੀ ਜਾ ਰਹੀ ਸ਼ਬਦਾਵਲੀ ਲਾਇਬ੍ਰੇਰੀ ਵਿਗਿਆਨ ਲਈ 408 ਨਵੀਆਂ ਟਰਮਾਂ ਸ਼ਾਮਲ ਕੀਤੀਆਂ ਗਈਆਂ ਅਤੇ ਕਾਨੂੰਨ ਤੇ ਰਸਾਇਣ ਵਿਗਿਆਨ ਗਲਾਸਰੀਆਂ ਦੇ 951 ਪੰਨਿਆਂ ਦੇ ਪਰੂਫ ਪੜ੍ਹਨ ਤੋਂ ਇਲਾਵਾ ਰਾਜਨੀਤੀ ਵਿਗਿਆਨ ਦੀ ਪ੍ਰੈਸ ਕਾਪੀ ਤਿਆਰ ਕੀਤੀ ਗਈ।
- ਬਾਲ ਸਾਹਿਤ ਦੀਆਂ ਤਿਆਰ ਕੀਤੀਆਂ ਜਾ ਰਹੀਆਂ 03 ਪੁਸਤਕਾਂ ਦੀਆਂ ਪ੍ਰੈਸ ਕਾਪੀਆਂ ਤਿਆਰ ਕੀਤੀਆਂ ਗਈਆਂ, 05 ਪੁਸਤਕਾਂ ਦੇ ਖਰੜਿਆਂ ਦੀ ਰੀਡਿੰਗ/ਸੋਧ ਕੀਤੀ ਗਈ ਅਤੇ 05 ਪੁਸਤਕਾਂ ਦੇ 152 ਪੰਨਿਆਂ ਦੇ ਪਰੂਫ ਪੜ੍ਹੇ ਗਏ। ਮਿਤੀ 12.10.2018 ਨੂੰ ਸਮੂਹ ਜ਼ਿਲ੍ਹਾ ਭਾਸ਼ਾ ਦਫਤਰਾਂ ਵਿਚ ਬਾਲ ਸਾਹਿਤ ਕੁਇਜ਼ ਮੁਕਾਬਲਾ (ਜ਼ਿਲ੍ਹਾ ਪੱਧਰ) ਕਰਵਾਇਆ ਗਿਆ।
- ਸੰਪਾਦਨ ਦੀਆਂ ਤਿਆਰ ਕੀਤੀਆਂ ਜਾ ਰਹੀਆਂ 03 ਪੁਸਤਕਾਂ ਦੇ ਖਰੜਿਆਂ ਨੂੰ ਵਾਚਿਆ/ਸੋਧ ਕੀਤੀ ਗਈ। ਪੁਸਤਕ ਬਾਵਾ ਬਲਵੰਤ : ਜੀਵਨ ਤੇ ਰਚਨਾ ਦੀ ਪ੍ਰੈਸ ਕਾਪੀ ਤਿਆਰ ਕਰਨ ਤੋਂ ਇਲਾਵਾ ਪੁਸਤਕ ਡਾ. ਰਤਨ ਸਿੰਘ ਜੱਗੀ : ਜੀਵਨ ਤੇ ਰਚਨਾ ਦੇ 104 ਪੰਨਿਆਂ ਦੇ ਪਰੂਫ ਪੜ੍ਹ ਗਏ।
- ਪੇਪਰ ਬੈਕ ਦੀਆਂ 03 ਪੁਸਤਕਾਂ ਦੀਆਂ ਪ੍ਰੈਸ ਕਾਪੀਆਂ ਤਿਆਰ ਕੀਤੀਆਂ ਗਈਆਂ। 09 ਪੁਸਤਕਾਂ ਦੇ ਖਰੜਿਆਂ ਨੂੰ ਵਾਚਿਆ/ਸੋਧਿਆ ਗਿਆ ਅਤੇ 151 ਪੰਨਿਆਂ ਦੀ ਪਰੂਫ ਰੀਡਿੰਗ ਕੀਤੀ ਗਈ।
- ਸਰਵੇ ਦੀਆਂ ਤਿਆਰ ਕੀਤੀਆਂ ਜਾ ਰਹੀਆਂ 02 ਪੁਸਤਕਾਂ ਦੀ ਪ੍ਰੈਸ ਕਾਪੀ ਤਿਆਰ ਕੀਤੀ ਗਈ ਅਤੇ 07 ਪੁਸਤਕਾਂ ਦੇ 1491 ਪੰਨਿਆਂ ਦੀ ਪਰੂਫ ਰੀਡਿੰਗ ਕੀਤੀ ਗਈ।
- ਪੰਜਾਬ ਦੇ ਵੱਖ-ਵੱਖ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ ਤੋਂ ਪ੍ਰਾਪਤ ਅੰਗਰੇਜ਼ੀ ਤੋਂ ਪੰਜਾਬੀ ਮੈਟਰ ਦੇ 832 ਪੰਨਿਆਂ ਦਾ ਅਨੁਵਾਦ, 264 ਪੰਨਿਆਂ ਦੀ ਸੋਧ ਅਤੇ 1362 ਪੰਨਿਆਂ ਦੇ ਪਰੂਫ ਪੜ੍ਹੇ ਗਏ। ਉਕਤ ਤੋਂ ਇਲਾਵਾ ਮਾਣਯੋਗ ਗਵਰਨਰ ਅਤੇ ਵਿੱਤ ਮੰਤਰੀ ਪੰਜਾਬ ਜੀ ਦੇ ਭਾਸ਼ਣਾਂ ਦਾ ਬਜਟ ਸੈਸ਼ਨ ਦੌਰਾਨ ਪੰਜਾਬੀ/ਹਿੰਦੀ ਅਨੁਵਾਦ ਕੀਤਾ ਗਿਆ।
- ਮਿਤੀ 24.08.2018 ਨੂੰ ਸੰਸਕ੍ਰਿਤ ਦਿਵਸ, ਮਿਤੀ 14.09.2018 ਨੂੰ ਹਿੰਦੀ ਦਿਵਸ, ਮਿਤੀ 01.11.2018 ਨੂੰ ਪੰਜਾਬ ਦਿਵਸ ਅਤੇ 21.02.2019 ਨੂੰ ਮਾਤ ਭਾਸ਼ਾ ਦਿਵਸ ਮੌਕੇ ਰਾਜ ਪੱਧਰੀ ਸਮਾਗਮ ਕਰਵਾਉਣ ਤੋਂ ਇਲਾਵਾ ਮਿਤੀ 17.10.2018 ਨੂੰ ਜਨ ਸਾਹਿਤ ਰਸਾਲੇ ਦਾ ਪ੍ਰੋ. ਅਜਮੇਰ ਸਿੰਘ ਔਲਖ ਵਿਸ਼ੇਸ਼ ਅੰਕ ਰਿਲੀਜ਼ ਸਮਾਗਮ ਕਰਵਾਇਆ ਗਿਆ।
- ਪੰਜਾਬ ਅਤੇ ਪੰਜਾਬ ਤੋਂ ਬਾਹਰ ਮੇਲਿਆਂ/ਤਿਉਹਾਰਾਂ ਮੌਕੇ 04 ਪੁਸਤਕ ਪ੍ਰਦਰਸ਼ਨੀਆਂ/ਸੇਲ ਕਾਊਂਟਰ ਲਗਾਏ ਗਏ।
- ਵਿਭਾਗੀ ਪ੍ਰਕਾਸ਼ਨਾਵਾਂ ਦੀ 13 ਲੱਖ 20 ਹਜ਼ਾਰ 923 ਰੁਪਏ ਦੀ ਵਿਕਰੀ ਕੀਤੀ ਗਈ।
- ਪੰਜਾਬੀ ਦੇ 10, ਹਿੰਦੀ ਦੇ 01 ਅਤੇ ਉਰਦੂ ਦੇ 03 ਲੇਖਕਾਂ ਨੂੰ 5000/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਪੈਨਸ਼ਨ ਦਿੱਤੀ ਗਈ।
- ਪੰਜਾਬ ਦੇ ਜ਼ਿਲ੍ਹਾ ਭਾਸ਼ਾ ਦਫਤਰਾਂ ਅਤੇ ਚੰਡੀਗੜ੍ਹ ਦਫਤਰ ਵਿਚ ਉਰਦੂ ਸਿਖਲਾਈ ਦੀਆਂ ਮੁਫਤ ਕਲਾਸਾਂ ਲਗਾਈਆਂ ਗਈਆਂ। ਰਿਪੋਟ ਅਧੀਨ 02 ਸੈਸ਼ਨਾਂ ਦੌਰਾਨ 202 ਉਮੀਦਵਾਰਾਂ ਨੇ ਉਰਦੂ ਆਮੋਜ਼ ਪ੍ਰੀਖਿਆ ਪਾਸ ਕੀਤੀ।
- ਪੰਜਾਬ ਦੇ ਸਮੂਹ ਜ਼ਿਲ੍ਹਾ ਭਾਸ਼ਾ ਦਫਤਰਾਂ ਅਤੇ ਚੰਡੀਗੜ੍ਹ ਦਫਤਰ ਵਿਚ ਪੰਜਾਬੀ ਟਾਈਪ, ਸ਼ਾਰਟਹੈਂਡ, ਅਧਿਐਨ ਤੇ ਅਧਿਆਪਕ, ਤੇਜ਼ ਗਤੀ ਦੀ ਮੁਫਤ ਸਿਖਲਾਈ ਦੀਆਂ ਕਲਾਸਾਂ ਲਗਾਈਆਂ ਗਈਆਂ। ਸਿਖਲਾਈ ਦੌਰਾਨ 530 ਵਿਦਿਆਰਥੀਆਂ ਨੂੰ ਰੈਗੂਲਰ ਸਿਖਲਾਈ ਦਿੱਤੀ ਗਈ ਅਤੇ 2281 ਵਿਦਿਆਰਥੀਆਂ ਦੀ ਪ੍ਰਾਈਵੇਟ ਤੌਰ 'ਤੇ ਪ੍ਰੀਖਿਆ ਲਈ ਗਈ।

Scanned with CamScanner

- ਵਿਭਾਗ ਵੱਲੋਂ ਕਰਵਾਈ ਜਾਂਦੀ ਪੰਜਾਬੀ ਪ੍ਰਬੋਧ (ਦਸਵੀਂ ਪੱਧਰ) ਦੀ 04 ਵਾਰ ਪ੍ਰੀਖਿਆ ਕਰਵਾਈ ਗਈ। ਕੁੱਲ 173 ਉਮੀਦਵਾਰਾਂ ਨੇ ਪ੍ਰੀਖਿਆ ਪਾਸ ਕੀਤੀ।
- ਪੰਜਾਬੀ, ਹਿੰਦੀ ਅਤੇ ਉਰਦੂ ਦੇ 02-02 ਲੋੜਵੰਦ ਲੇਖਕਾਂ ਅਤੇ ਉਨ੍ਹਾਂ ਦੇ ਆਸ਼ਰਿਤ ਪਰਿਵਾਰਾਂ ਨੂੰ 2500/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਮਾਲੀ ਸਹਾਇਤਾ ਦਿੱਤੀ ਗਈ।
- ਵਿਭਾਗੀ 04 ਮਹੀਨਾਵਾਰ ਰਸਾਲਿਆਂ ਜਨ ਸਾਹਿਤ, ਪੰਜਾਬੀ ਦੁਨੀਆ, ਪੰਜਾਬ ਸੌਰਭ ਅਤੇ ਪ੍ਰਵਾਜ਼ੇ ਅਦਬ ਦਾ ਪ੍ਰਕਾਸ਼ਨ ਕੀਤਾ ਗਿਆ।
- ਵਿਭਾਗੀ ਲਾਇਬ੍ਰੇਰੀ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀਆਂ 358 ਪੁਸਤਕਾਂ ਦਾ ਵਾਧਾ ਕੀਤਾ ਗਿਆ।

**ਅ) ਪਿਛਲੇ ਵਿੱਤੀ ਸਾਲ ਦੌਰਾਨ ਪ੍ਰਾਪਤ ਕੀਤੇ ਟੀਚਿਆਂ ਦੀ ਸਮੀਖਿਆ:**

ਭਾਸ਼ਾ ਵਿਭਾਗ, ਪੰਜਾਬ ਆਪਣੇ ਨਿਰਧਾਰਤ ਟੀਚਿਆਂ ਲਈ ਹਮੇਸ਼ਾ ਯਤਨ ਕਰਦਾ ਰਹਿੰਦਾ ਹੈ ਪ੍ਰੰਤੂ ਕਈ ਵਾਰ ਬਜਟ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਕੁਝ ਅਹਿਮ ਪ੍ਰੋਜੈਕਟ ਮੁਕੰਮਲ ਕਰਨ ਵਿੱਚ ਦਿੱਕਤ ਪੇਸ਼ ਆਉਂਦੀ ਹੈ। ਜਿਸ ਲਈ ਵਿਭਾਗ ਸਰਕਾਰ ਨਾਲ ਲਗਾਤਾਰ ਲਿਖਾਪੜ੍ਹੀ ਕਰਦਾ ਰਹਿੰਦਾ ਹੈ। ਇਸ ਤੋਂ ਇਲਾਵਾ ਨਿਰੰਤਰ ਘਟ ਰਹੇ ਟੈਕਨੀਕਲ ਸਟਾਫ ਕਾਰਨ ਵੀ ਨਿਰਧਾਰਤ ਟੀਚਿਆਂ ਨੂੰ ਮੁਕੰਮਲ ਕਰਨ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ।

**6. ਪ੍ਰਾਪਤੀਆਂ/ਨਤੀਜੇ: (2019-20)**

**ਵਿਭਾਗ ਨਾਲ ਸਬੰਧਤ ਧਿਆਨਯੋਗ ਪ੍ਰਾਪਤੀਆਂ :**

**ਵਿਸ਼ਵਕੋਸ਼-** ਵਿਸ਼ਵਕੋਸ਼ ਦੀਆਂ ਤਿਆਰੀ ਅਧੀਨ ਜਿਲਦਾਂ ਲਈ 'ਲ' ਅੱਖਰ ਦੀਆਂ 84 ਪੰਨਿਆਂ ਦੀਆ ਨਵੀਆਂ ਐਂਟਰੀਆਂ ਲਿਖੀਆਂ ਗਈਆਂ। ਤਿਆਰ ਕੀਤੀ ਜਾ ਰਹੀ ਜਿਲਦ-17 ਲਈ 254 ਪੰਨਿਆਂ ਦੇ ਪਰੂਫ (ਦੂਜੀ ਪੜਤ) ਪੜੇ ਗਏ। ਇਸ ਤੋਂ ਇਲਾਵਾ ਜਿਲਦ-18 ਲਈ 540 ਪੰਨਿਆਂ ਦੀ ਕੰਪਿਊਟਰ ਕੰਪੋਜਿੰਗ ਕੀਤੀ ਗਈ ਅਤੇ 850 ਐਂਟਰੀਆਂ ਦਾ ਕ੍ਰਮ ਲਗਾਇਆ ਗਿਆ।

**ਪੰਜਾਬ ਕੋਸ਼**-ਪੰਜਾਬ ਕੋਸ਼ ਜਿਲਦ-2 ਨੂੰ ਪੁਨਰ ਪ੍ਰਕਾਸ਼ਨ ਕਰਵਾਉਣ ਲਈ 250 ਪੰਨਿਆਂ ਦੀ ਸੋਧ ਕੀਤੀ ਗਈ ਅਤੇ ਪੰਜਾਬ ਕੋਸ਼ ਜਿਲਦ-1 ਦੇ 250 ਪੰਨਿਆਂ (ਟਾਈਪ ਪੰਨੇ-750) ਦੀ ਕੰਪੋਜਿੰਗ ਕੀਤੀ ਗਈ।

**ਕੋਸ਼ਕਾਰੀ-** ਪੁਸਤਕ 'ਮਹਾਨ ਕੋਸ਼' ਦੇ 1289 ਪੰਨਿਆਂ ਨੂੰ ਫਾਈਨਲ ਕੀਤਾ ਗਿਆ। ਹਿੰਦੀ-ਪੰਜਾਬੀ ਕੋਸ਼ ਦੇ ਦੂਜੀ ਪੜਤ ਦੇ ਪਰੂਫ 2322 ਸਟੈ. ਪੰਨੇ ਪੜ੍ਹੇ ਗਏ ਅਤੇ ਮੁਹਾਵਰਾ ਕੋਸ਼ ਦੇ 1500 ਸਟੈ. ਪੰਨਿਆਂ ਦਾ ਕ੍ਰਮ ਚੈੱਕ ਕੀਤਾ, ਬੋਰਡ ਵਿਚ ਕੁਐਰੀਜ਼ ਨੂੰ ਦੂਰ ਕੀਤਾ ਗਿਆ।

**ਬਾਲ ਗਿਆਨ-** ਪੁਸਤਕਾਂ ਗੁਰੂ ਨਾਨਕ ਕਥਾ, ਬਾਬਾ ਆਲਾ ਸਿੰਘ ਅਤੇ ਛਣਕਣਾ ਦੀਆਂ ਪ੍ਰੈਸ ਕਾਪੀਆਂ ਛਪਾਈ ਲਈ ਭੇਜੀਆਂ ਗਈਆਂ। ਪੁਸਤਕ "ਬਾਲ ਸਾਹਿਤ ਕੁਇਜ਼ ਮੁਕਾਬਲਾ" ਅਤੇ 10 ਹੋਰ ਵੱਖ ਵੱਖ ਪੁਸਤਕਾਂ ਦੇ 836 ਪੰਨਿਆਂ ਦੀ ਪਰੂਫ ਰੀਡਿੰਗ ਕੀਤੀ ਗਈ। ਤਿਆਰ ਕੀਤੀਆਂ ਜਾ ਰਹੀਆਂ 08 ਪ੍ਰੈਸ ਕਾਪੀਆਂ ਦੇ 463 ਪੰਨਿਆਂ ਦੀ ਸੋਧ ਕੀਤੀ ਗਈ।

**ਅਨੁਵਾਦ-** ਪੰਜਾਬ ਦੇ ਵੱਖ ਵੱਖ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ ਤੋਂ ਪ੍ਰਾਪਤ ਮੈਟਰ ਦੇ 1016 ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਕਰਨ ਤੋਂ ਇਲਾਵਾ 362 ਪੰਨਿਆਂ ਦੀ ਸੋਧ ਅਤੇ 1406 ਪੰਨਿਆਂ ਦੀ ਪਰੂਫ ਰੀਡਿੰਗ/ਮਿਲਾਨ ਕੀਤਾ ਗਿਆ।

ਪੰਜਾਬ ਦੇ ਬਜਟ ਸੈਸ਼ਨ ਦੌਰਾਨ ਮਾਣਯੋਗ ਗਵਰਨਰ ਅਤੇ ਵਿੱਤ ਮੰਤਰੀ ਜੀ ਵਲੋਂ ਦਿੱਤੇ ਜਾਣ ਵਾਲੇ ਭਾਸ਼ਣ ਦਾ ਅੰਗਰੇਜ਼ੀ ਤੋਂ ਪੰਜਾਬੀ ਅਤੇ ਹਿੰਦੀ ਵਿਚ ਅਨੁਵਾਦ ਕੀਤਾ ਗਿਆ।

**ਪੇਪਰ ਬੈਕ-** ਪੇਪਰ ਬੈਕ ਦੀਆਂ 06 ਪੁਸਤਕਾਂ (ਭਾਈ ਗੁਰਦਾਸ ਦੀਆਂ ਚੋਣਵੀਆਂ ਵਾਰਾਂ, ਆਦਿ ਬੀੜ, ਰੱਤਾ ਸਾਲੂ, ਬਲਰਾਜ ਸਾਹਨੀ ਆਲੋਚਨਾਤਮਕ ਅਧਿਐਨ, ਪੰਜਾਬੀ ਗ਼ਜ਼ਲ ਵਿਧਾਨ: ਐਸ ਤਰਸੇਮ ਅਤੇ ਕਲਾਮ ਬੁੱਲੇ ਸ਼ਾਹ) ਦੀਆ ਪ੍ਰੈਸ ਕਾਪੀਆਂ ਤਿਆਰ ਕਰਕੇ ਛਪਾਈ ਲਈ ਭੇਜੀਆਂ ਗਈਆਂ। ਵੱਖ-ਵੱਖ 05 ਪੁਸਤਕਾਂ ਦੇ 680 ਪੰਨਿਆਂ ਦੀ ਪਰੂਫ

Scanned with CamScanner

ਰੀਡਿੰਗ ਕੀਤੀ ਗਈ ਅਤੇ ਤਿਆਰ ਕੀਤੀਆਂ ਜਾ ਰਹੀਆਂ ਪੁਸਤਕਾਂ ਦੇ 05 ਖਰੜਿਆਂ ਦੀ 784 ਪੰਨਿਆਂ ਦੀ ਸੋਧ ਕੀਤੀ ਗਈ।

**ਸਰਵੇ-** ਸਰਵੇ ਨਾਲ ਸਬੰਧਤ 04 ਪੁਸਤਕਾਂ (ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ, ਬਟਾਲਾ ਅਤੇ ਸੁਰ ਸਿੰਘ) ਦੀਆਂ ਪ੍ਰੈਸ ਕਾਪੀਆਂ ਛਪਾਈ ਲਈ ਭੇਜੀਆਂ ਗਈਆਂ ਜੋ ਛੱਪਕੇ ਤਿਆਰ ਹੋ ਕੇ ਵਿਭਾਗ ਵਿਚ ਪਹੁੰਚ ਗਈਆਂ ਹਨ ਅਤੇ 05 ਪੁਸਤਕਾਂ ਦੇ 1132 ਪੰਨਿਆਂ ਦੀ ਪਰੂਫ ਰੀਡਿੰਗ ਕਰਨ ਤੋਂ ਇਲਾਵਾ ਤਿਆਰ ਕੀਤੀਆਂ ਜਾ ਰਹੀਆਂ ਸਰਵੇ ਪੁਸਤਕਾਂ ਦੇ 222 ਪੰਨਿਆਂ ਦੀ ਕੰਪਿਊਟਰ ਕੰਪੋਜਿੰਗ ਕੀਤੀ ਗਈ।

**ਸੰਪਾਦਨ/ਪਨਲਿਟ/ਲਿਪੀਅੰਤਰਣ-** ਪੁਸਤਕ "ਜੰਗਲ ਦੇ ਦਾਅਵੇਦਾਰ"ਦੇ ਖਰੜੇ ਦੀ ਰੀਡਿੰਗ/ਸੋਧ ਉਪਰੰਤ ਪ੍ਰੈਸ ਕਾਪੀ ਤਿਆਰ ਕਰਕੇ ਛਪਾਈ ਲਈ ਭੇਜੀ ਗਈ। ਪੁਸਤਕ "ਹਿਮਜ਼ ਆਫ ਸ੍ਰੀ ਗੁਰੂ ਨਾਨਕ ਦੇਵ ਜੀ"ਵਿਚ ਦਰਜ ਗੁਰਬਾਣੀ ਦੇ 513 ਪੰਨਿਆਂ ਨੂੰ ਚੈੱਕ ਕੀਤਾ/ਦਰੁਸਤੀ ਕੀਤੀ।

**ਕੰਪਿਊਟਰ ਵਿੰਗ-** ਵਿਭਾਗੀ ਰਸਾਲੇ ਜਨ ਸਾਹਿਤ ਅਤੇ ਪੰਜਾਬੀ ਦੁਨੀਆਂ ਦੇ 12-12 ਮਹੀਨਾਵਾਰ ਅੰਕਾਂ ਦੀ ਕੰਪਿਊਟਰ ਕੰਪੋਜਿੰਗ ਕੀਤੀ ਅਤੇ ਟਾਈਟਲ ਡਿਜ਼ਾਇਨ ਤਿਆਰ ਕੀਤੇ ਗਏ। ਸਰਵੇ ਅਤੇ ਬਾਲ ਗਿਆਨ ਨਾਲ ਸਬੰਧਤ ਪੁਸਤਕਾਂ ਦੀ ਕੰਪੋਜਿੰਗ ਅਤੇ ਗਲਤੀਆਂ ਲਗਾਈਆਂ ਗਈਆਂ।

**ਪੰਜਾਬੀ ਪ੍ਰਚਾਲਣ-** ਪੰਜਾਬ ਰਾਜ ਭਾਸ਼ਾ ਐਕਟ ਨੂੰ ਮੁਕੰਮਲ ਰੂਪ ਵਿਚ ਲਾਗੂ ਕਰਨ ਲਈ ਪੰਜਾਬ ਦੇ ਸਰਕਾਰੀ ਦਫਤਰਾਂ/ਅਰਧ ਸਰਕਾਰੀ ਦਫ਼ਤਰਾਂ/ਕਾਰਪੋਰੇਸ਼ਨਾਂ/ਬੋਰਡਾਂ ਦੇ 320 ਦਫ਼ਤਰਾਂ ਦੀ ਚੈਕਿੰਗ ਕੀਤੀ ਗਈ। ਇਸ ਤੋਂ ਇਲਾਵਾ 08 ਜਿਲਿਆਂ (ਜਲੰਧਰ, ਕਪੂਰਥਲਾ, ਰੂਪ ਨਗਰ, ਮੋਗਾ, ਮੁਹਾਲੀ, ਬਠਿੰਡਾ, ਫਤਹਿਗੜ੍ਹ ਸਾਹਿਬ ਅਤੇ ਪਟਿਆਲਾ) ਵਿਖੇ ਟੀਮਾਂ ਬਣਾ ਕੇ ਸਪੈਸ਼ਲ ਚੈਕਿੰਗ ਕੀਤੀ ਗਈ।

**ਪੰਜਾਬੀ ਪ੍ਰਬੋਧ ਪ੍ਰੀਖਿਆ-** ਵਿਭਾਗ ਵਲੋਂ ਸਾਲ ਵਿਚ ਚਾਰ ਵਾਰ ਕਰਵਾਈ ਜਾਂਦੀ ਪੰਜਾਬੀ ਪ੍ਰਬੋਧ (ਦੱਸਵੀਂ ਪੱਧਰ) ਪ੍ਰੀਖਿਆ ਦੌਰਾਨ 303 ਉਮੀਦਵਾਰਾਂ ਦੀ ਪ੍ਰੀਖਿਆ ਲਈ ਗਈ। ਇਨ੍ਹਾਂ ਪ੍ਰੀਖਿਆਵਾਂ ਵਿਚ ਉਮੀਦਵਾਰਾਂ ਕੋਲੋਂ 5,96,000/- ਰੁਪਏ (ਪੰਜ ਲੱਖ ਛਿਆਨਵੇਂ ਹਜਾਰ ਰੁਪਏ) ਫੀਸ ਵਜੋਂ ਪ੍ਰਾਪਤ ਕੀਤੇ।

**ਸਟੈਨੋਗ੍ਰਾਫੀ/ਟਾਈਪ ਸ਼ਾਰਟਹੈਂਡ ਸਿਖਲਾਈ-** ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਟਾਈਪ/ਸ਼ਾਰਟਹੈਂਡ ਫਰੀ ਸਿਖਲਾਈ ਕਲਾਸਾਂ ਦੌਰਾਨ 357 ਵਿਦਿਆਰਥੀਆਂ ਨੂੰ ਪੰਜਾਬੀ ਟਾਈਪ, 361 ਵਿਦਿਆਰਥੀਆਂ ਨੂੰ ਪੰਜਾਬੀ ਸ਼ਾਰਟਹੈਂਡ, 115 ਵਿਦਿਆਰਥੀਆਂ ਨੂੰ ਸ਼ਾਰਟਹੈਂਡ ਹਾਈ ਸਪੀਡ, ਅਤੇ 29 ਵਿਦਿਆਰਥੀਆਂ ਨੂੰ ਪੰਜਾਬੀ ਸੰਕੇਤ ਲਿਪੀ ਅਧਿਐਨ ਤੇ ਅਧਿਆਪਨ ਦੀ ਰੈਗੂਲਰ ਸਿਖਲਾਈ ਦਿੱਤੀ ਗਈ। ਇਸ ਤੋਂ ਇਲਾਵਾ 857, 983, 379, 02 ਪ੍ਰਾਈਵੇਟ ਉਮੀਦਵਾਰਾਂ ਦੀ ਕ੍ਰਮਵਾਰ ਪੰਜਾਬੀ ਟਾਈਪ/ਸ਼ਾਰਟਹੈਂਡ/ਹਾਈ ਸਪੀਡ ਅਧਿਐਨ ਤੇ ਅਧਿਆਪਨ ਦੀ ਪ੍ਰੀਖਿਆ ਲਈ ਗਈ। ਅਤੇ 37,37 ਪ੍ਰਾਈਵੇਟ ਉਮੀਦਵਾਰਾਂ ਦੀ ਕ੍ਰਮਵਾਰ ਅੰਗਰੇਜ਼ੀ ਟਾਈਪ/ਸ਼ਾਰਟਹੈਂਡ ਦੀ ਪ੍ਰੀਖਿਆ ਲਈ ਗਈ।

ਟਾਈਪ/ਸ਼ਾਰਟਹੈਂਡ ਪ੍ਰਾਈਵੇਟ ਉਮੀਦਵਾਰਾਂ ਕੋਲੋਂ ਰਿਪੋਟ ਅਧੀਨ ਸਾਲ ਦੌਰਾਨ 01,79,650/- ਰੁਪਏ (ਇਕ ਲੱਖ ਉਨਾਸੀ ਹਜਾਰ ਛੇ ਸੋ ਪੰਜਾਹ ਰੁਪਏ) ਫੀਸ ਪ੍ਰਾਪਤ ਕੀਤੀ।

ਤਿਆਰ ਕੀਤੀ ਜਾ ਰਹੀ ਪੁਸਤਕ "ਪ੍ਰਮਾਣਿਕ ਸੰਕੇਤ ਲਿਪੀ:ਪ੍ਰਸ਼ਨ-ਉਤਰ" ਦੇ 120 ਪੰਨਿਆਂ ਦੀ ਰੂਪ-ਰੇਖਾ ਤਿਆਰ/ਫਾਈਨਲ ਕੀਤੀ ਗਈ।

**ਪ੍ਰਕਾਸ਼ਨ-** ਪੁਸਤਕਾਂ ਮਹਾਨ ਕੋਸ਼, ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ ਅਤੇ ਬਟਾਲਾ (04 ਪੁਸਤਕਾਂ) ਦੀ ਛਪਾਈ ਕਰਵਾਈ ਗਈ। ਪਹਿਲ ਦੇ ਆਧਾਰ ਤੇ ਛਪਵਾਈਆਂ ਜਾਣ ਵਾਲੀਆਂ 29 ਪੁਸਤਕਾਂ ਦੀ ਛਪਾਈ ਸਬੰਧੀ ਕੰਟਰੋਲਰ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਪੰਜਾਬ ਨਾਲ ਲਿਖਾਪੜੀ ਕੀਤੀ ਗਈ। ਇਸ ਤੋਂ ਇਲਾਵਾ ਲੱਗਭੱਗ 60 ਪੁਸਤਕਾਂ ਜੋ ਪ੍ਰਾਈਵੇਟ ਪ੍ਰੈਸਾਂ ਨੂੰ ਕੰਪੋਜਿੰਗ ਲਈ ਅਲਾਟ ਹਨ ਸਬੰਧੀ ਪ੍ਰੈਸਾਂ ਨਾਲ ਲਿਖਾਪੜੀ/ਕਾਰਵਾਈ ਕੀਤੀ ਗਈ।

Scanned with CamScanner

375

**ਲਾਇਬ੍ਰੇਰੀ-** ਵਿਭਾਗੀ ਲਾਇਬ੍ਰੇਰੀ ਲਈ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਕੁੱਲ 931 ਪੁਸਤਕਾਂ ਦਾ ਵਾਧਾ ਕੀਤਾ ਗਿਆ।

**ਵਿਭਾਗੀ ਪ੍ਰਕਾਸ਼ਨਾਵਾਂ ਦੀ ਵਿਕਰੀ-** ਵਿਭਾਗ ਦੇ ਸਮੂਹ ਪੁਸਤਕ ਵਿਕਰੀ ਕੇਂਦਰਾਂ ਤੋਂ ਵਿਭਾਗੀ ਪ੍ਰਕਾਸ਼ਨਾਵਾਂ ਦੀ ਕੁੱਲ 20,22,671/- (ਵੀਹ ਲੱਖ, ਬਾਈ ਹਜਾਰ, ਛੇ ਸੋ ਇਕੱਤਰ ਰੁਪਏ) ਦੀ ਵਿਕਰੀ ਕੀਤੀ ਗਈ।

**ਪੁਸਤਕ ਪ੍ਰਦਰਸ਼ਨੀਆਂ-**ਪੰਜਾਬ ਵਿਚ ਆਯੋਜਿਤ ਵੱਖ-ਵੱਖ ਮੇਲਿਆਂ, ਸੈਮੀਨਾਰਾਂ, ਕਾਨਫਰੰਸਾਂ ਦੌਰਾਨ 11 ਪੁਸਤਕ ਪ੍ਰਦਰਸ਼ਨੀਆਂ ਲਗਾਈਆਂ ਗਈਆਂ।

**ਸਮਾਗਮ-** ਮਿਤੀ 28 ਜੂਨ 2019 ਨੂੰ ਮੁੱਖ ਦਫਤਰ ਦੇ ਸੈਮੀਨਾਰ ਹਾਲ ਵਿੱਚ "ਤ੍ਰੈ-ਭਾਸ਼ੀ ਕਵੀ ਦਰਬਾਰ", 14 ਅਗਸਤ 2019 ਨੂੰ "ਸੰਸਕ੍ਰਿਤ ਦਿਵਸ" ਨੂੰ ਸਮਰਪਿਤ ਸਾਹਿਤਕ ਸਮਾਗਮ, 13 ਸਤੰਬਰ 2019 ਨੂੰ "ਹਿੰਦੀ ਦਿਵਸ" ਮੌਕੇ ਸਾਹਿਤਕ ਸਮਾਗਮ, 01 ਨਵੰਬਰ 2019 ਨੂੰ "ਪੰਜਾਬ ਦਿਵਸ" ਮੌਕੇ ਸਾਹਿਤਕ ਸਮਾਗਮ ਅਤੇ 21 ਫਰਵਰੀ 2020 ਨੂੰ "ਮਾਤ ਭਾਸ਼ਾ ਦਿਵਸ" ਮੌਕੇ ਸਾਹਿਤਕ ਸਮਾਗਮ ਕਰਵਾਏ ਗਏ। ਇਸ ਤੋਂ ਇਲਾਵਾ ਵੱਖ-ਵੱਖ ਸਾਹਿਤ ਸਭਾਵਾਂ ਦੇ ਸਮਾਗਮਾਂ ਵਿਚ ਸਹਿਯੋਗ ਦਿੱਤਾ ਗਿਆ ਅਤੇ ਸ਼ਮੂਲੀਅਤ ਕੀਤੀ ਗਈ।

**ਕੁਇਜ਼ ਮੁਕਾਬਲਾ (ਜਿਲ੍ਹਾ ਪੱਧਰ)-** ਵਿਭਾਗ ਦੇ 16 ਜਿਲ੍ਹਾ ਭਾਸ਼ਾ ਕੇਂਦਰਾਂ ਵਿਚ ਵਰਗ ੳ, ਅ ਅਤੇ ੲ ਦੇ ਸਕੂਲ/ਕਾਲਜ ਪੱਧਰ ਤੇ ਕੁਇਜ਼ ਮੁਕਾਬਲੇ (ਜਿਲ੍ਹਾ ਪੱਧਰ) ਕਰਵਾਏ ਗਏ। ਹਰੇਕ ਵਰਗ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ/ਸਰਟੀਫਿਕੇਟ ਦਿੱਤੇ ਗਏ।

**ਸਾਹਿਤ ਸਿਰਜਣ/ਕਵਿਤਾ ਗਾਇਨ ਮੁਕਾਬਲੇ-** ਵਿਭਾਗ ਵਲੋਂ 15 ਜਿਲ੍ਹਾ ਭਾਸ਼ਾ ਕੇਂਦਰਾਂ ਵਿਚ ਪੰਜਾਬੀ ਦੇ ਸਾਹਿਤ ਸਿਰਜਣ (ਕਵਿਤਾ, ਕਹਾਣੀ, ਲੇਖ) ਅਤੇ ਕਵਿਤਾ ਗਾਇਨ ਮੁਕਾਬਲੇ (ਜਿਲ੍ਹਾ ਪੱਧਰ) ਕਰਵਾਏ ਗਏ। ਹਰੇਕ ਵੰਨਗੀ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ/ਸਰਟੀਫਿਕੇਟ ਦਿੱਤੇ ਗਏ।

**ਰਸਾਲਿਆਂ ਦਾ ਪ੍ਰਕਾਸ਼ਨ-** ਵਿਭਾਗ ਵਲੋਂ ਪ੍ਰਕਾਸ਼ਤ ਕੀਤੇ ਜਾਂਦੇ ਰਸਾਲੇ ਪੰਜਾਬੀ ਦੇ ਦੋ "ਜਨ ਸਾਹਿਤ ਅਤੇ ਪੰਜਾਬੀ ਦੁਨੀਆਂ", ਹਿੰਦੀ ਅਤੇ ਉਰਦੂ ਦਾ ਇਕ-ਇਕ "ਪੰਜਾਬ ਸੌਰਭ ਅਤੇ ਪਰਵਾਜ਼ੇ ਅਦਬ" ਦਾ ਮਹੀਨਾਵਾਰ ਪ੍ਰਕਾਸ਼ਨ ਕੀਤਾ ਗਿਆ।

**ਪੈਨਸ਼ਨ-** ਪੰਜਾਬੀ ਦੇ 10, ਹਿੰਦੀ ਦੇ 01 ਅਤੇ ਉਰਦੂ ਦੇ 03 ਲੋੜਵੰਦ/ਨਿਰਧਨ ਲੇਖਕਾਂ ਨੂੰ 5000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਗਈ।

**ਲੋੜਵੰਦ ਲੇਖਕਾਂ/ਆਸ਼ਰਿਤ ਪ੍ਰਵਾਰਾਂ ਨੂੰ ਮਾਲੀ ਸਹਾਇਤਾ-** ਪੰਜਾਬੀ ਦੇ 01, ਹਿੰਦੀ ਦੇ 02 ਅਤੇ ਉਰਦੂ ਦੇ 05 ਲੋੜਵੰਦ ਲੇਖਕਾਂ/ਆਸ਼ਰਿਤ ਪ੍ਰੀਵਾਰਾਂ ਨੂੰ 2500/- ਰੁਪਏ ਪ੍ਰਤੀ ਮਹੀਨਾ ਮਾਲੀ ਸਹਾਇਤਾ ਦਿੱਤੀ ਗਈ।

**ਉਰਦੂ ਭਾਸ਼ਾ ਦੀ ਸਿਖਲਾਈ-** ਰਿਪੋਟ ਅਧੀਨ ਸਾਲ ਦੌਰਾਨ ਜਨਵਰੀ-ਜੂਨ ਸੈਸ਼ਨ ਵਿਚ ਸਦਰ ਮੁਕਾਮਾਂ ਅਤੇ ਚੰਡੀਗੜ੍ਹ ਵਿਖੇ ਅਤੇ ਜੁਲਾਈ-ਦਸੰਬਰ ਸੈਸ਼ਨ ਦੌਰਾਨ 12 ਸਦਰ ਮੁਕਾਮਾਂ ਤੇ ਉਰਦੂ ਭਾਸ਼ਾ ਦੀ ਮੁਫਤ ਸਿਖਲਾਈ ਦਿੱਤੀ ਗਈ। ਇਨ੍ਹਾਂ ਦੋਨੋਂ ਸੈਸ਼ਨਾਂ ਦੌਰਾਨ 199 ਵਿਦਿਆਰਥੀਆਂ (81+118) ਨੇ ਉਰਦੂ ਆਮੋਜ਼ ਪ੍ਰੀਖਿਆ ਪਾਸ ਕੀਤੀ।

**ਭੌਤਿਕ, ਵਿੱਤੀ, ਆਰਥਿਕ ਅਤੇ ਸਮਾਜਿਕ ਨਤੀਜਿਆਂ ਦੇ ਗਿਣਾਤਮਕ ਵੇਰਵੇ: ਲਾਗੂ ਨਹੀਂ**

ਅ) ਗਿਣਾਤਮਕ: ਲਾਗੂ ਨਹੀਂ।

ੲ) ਨੀਤੀ: ਲਾਗੂ ਨਹੀਂ

ਸ) ਮਨੁੱਖੀ ਸੰਸਾਧਨ ਸੰਚਾਰ,ਮੀਡੀਆ,ਸੂਚਨਾ, ਸਿੱਖਿਆ ਨਾਲ ਸਬੰਧਤ ਧਿਆਨਯੋਗ ਪ੍ਰਾਪਤੀਆਂ: ਲਾਗੂ ਨਹੀਂ।

Scanned with CamScanner

576

7. **ਸੰਸਥਾਗਤ ਮੁੱਦੇ: ਚੁਣੌਤੀਆਂ/ਬਦਲਾਅ/ਸੁਧਾਰ/ਨਤੀਜੇ: ਲਾਗੂ ਨਹੀਂ**

8. **ਮੁਲਾਂਕਣ: ਸਵੋਟ (SWOT) ਵਿਸ਼ਲੇਸ਼ਣ: (ਸਮਰੱਥਾਵਾਂ, ਕਮਜ਼ੋਰੀਆਂ, ਮੌਕੇ ਅਤੇ ਖਤਰੇ):**

ੳ) **ਵਿਭਾਗ ਦੀਆਂ ਮਹੱਤਵਪੂਰਨ ਚੁਣੌਤੀਆਂ:**

ਵਿਭਾਗ ਦੀ ਹੋਂਦ ਪ੍ਰਮੁੱਖ ਰੂਪ 'ਤੇ ਤਕਨੀਕੀ ਸਟਾਫ਼ ਵੱਲੋਂ ਕੀਤੇ ਜਾਣ ਵਾਲੇ ਖੋਜ ਕਾਰਜਾਂ 'ਤੇ ਅਧਿਐਨ 'ਤੇ ਨਿਰਭਰ ਕਰਦੀ ਹੈ. ਪ੍ਰੰਤੂ ਦਿਨ ਪ੍ਰਤੀ ਦਿਨ ਘਟ ਰਹੇ ਤਕਨੀਕੀ ਅਮਲੇ, ਜੋ ਕਿ ਹੁਣ 25% ਵੀ ਨਹੀਂ ਰਿਹਾ, ਕਾਰਨ ਵਿਭਾਗੀ ਕਾਰਜਾਂ ਨੂੰ ਨੇਪਰੇ ਚਾੜ੍ਹਨ ਵਿਚ ਸਭ ਤੋਂ ਵੱਡੀ ਚੁਣੌਤੀ ਪੇਸ਼ ਆ ਰਹੀ ਹੈ ਅਤੇ ਇਸ ਤੋਂ ਇਲਾਵਾ ਬਜਟ ਦੀ ਘਾਟ ਵੀ ਇਕ ਪ੍ਰਮੁੱਖ ਕਾਰਨ ਹੈ।

ਅ) **ਵਿਭਾਗ ਦੀਆਂ ਮਹੱਤਵਪੂਰਨ ਅੰਦਰੂਨੀ ਅਤੇ ਬਾਹਰੀ ਸਮਰੱਥਾਵਾਂ ਅਤੇ ਮੌਕੇ:**

ਵਿਭਾਗ ਵਿਖੇ ਮੌਜੂਦ ਅਮਲਾ ਘੱਟ ਹੋਣ ਦੇ ਬਾਵਜੂਦ ਵੀ ਆਪਣਾ ਕਾਰਜ ਬਾਖੂਬੀ ਜ਼ਿੰਮੇਵਾਰੀ ਅਤੇ ਮਿਹਨਤ ਨਾਲ ਨਿਭਾਅ ਰਿਹਾ ਹੈ। ਵਿਭਾਗ ਵੱਲੋਂ ਕੀਤੇ ਕਾਰਜਾਂ ਨੂੰ ਵਿੱਦਿਅਕ ਅਤੇ ਖੋਜ ਸੰਸਥਾਵਾਂ ਅਧਾਰ ਮੰਨ ਕੇ ਆਪਣਾ ਕਾਰਜ ਨੇਪਰੇ ਚਾੜ੍ਹਦੀਆਂ ਹਨ ਜੋ ਵਿਭਾਗ ਲਈ ਬੜੇ ਹੀ ਮਾਣ ਵਾਲੀ ਗੱਲ ਹੈ।

ੲ) ਸਰਵੇ ਦੇ ਨਤੀਜਿਆਂ, ਗਤੀਵਿਧੀਆਂ ਦੇ ਮਾਪਦੰਡਾਂ ਅਤੇ ਤੁਹਾਡੇ ਪ੍ਰੋਗਰਾਮਾਂ ਅਤੇ ਸੇਵਾਵਾਂ ਦੇ ਮੈਟਰਿਕਸ ਦੇ ਵਾਧੂ ਮੁਲਾਂਕਣ ਦੀ ਸੰਖੇਪ ਜਾਣਕਾਰੀ ਦਿੱਤੀ ਜਾਵੇ: ਲਾਗੂ ਨਹੀਂ।

ਸ) ਵਿਭਾਗ ਦੇ ਕਾਰਜਾਂ ਅਤੇ ਪ੍ਰੋਗਰਾਮਾਂ ਵਿੱਚ ਸੁਧਾਰ ਕਰਨ ਲਈ ਵਿਸ਼ੇਸ਼ ਨਤੀਜਿਆਂ ਨੂੰ ਵਰਤੇ ਜਾਣ ਬਾਰੇ ਬਿਆਨ ਕੀਤਾ ਜਾਵੇ: ਲਾਗੂ ਨਹੀਂ।

9. **ਨਵੇਂ ਵਿਕਾਸ ਅਤੇ ਸੀਮਾਵਾਂ ਲਈ ਸੁਝਾਅ:**

ਅਗਲੇ ਤਿੰਨ ਸਾਲਾਂ ਦੇ ਟੀਚਿਆਂ ਲਈ ਰਣਨੀਤਕ ਯੋਜਨਾ ਬੰਦੀ, ਨਾਲ ਹੀ ਵਿਭਾਗ ਦੇ ਰਣਨੀਤਕ **ਟੀਚੇ ਸ਼ਾਮਿਲ ਕੀਤੇ ਜਾਣ, ਫੰਡਿੰਗ ਦੇ ਸੋਮਿਆਂ ਨੂੰ ਨਿਰਧਾਰਤ ਕੀਤਾ ਜਾਵੇ ਆਦਿ:**

ਵਿਭਾਗ ਵੱਲੋਂ ਹੁਣ ਤੱਕ ਪ੍ਰਕਾਸ਼ਿਤ ਕੀਤੀਆਂ ਗਈਆਂ ਲਗਭਗ 1500 ਤੋਂ ਉਪਰ ਪ੍ਰਕਾਸ਼ਨਾਵਾਂ ਵਿਚੋਂ ਬਹੁਤ ਹੀ ਅਹਿਮ ਪ੍ਰਕਾਸ਼ਨਾਵਾਂ ਵਿਭਾਗੀ ਸਟਾਕ ਵਿਚ ਮੌਜੂਦ ਨਹੀਂ ਹਨ, ਪਰ ਇਨ੍ਹਾਂ ਦੀ ਮੰਗ ਬਹੁਤ ਹੀ ਜ਼ਿਆਦਾ ਹੈ। ਇਸ ਲਈ ਇਨ੍ਹਾਂ ਦੁਰਲਭ ਪੁਸਤਕਾਂ ਦਾ ਪੁਨਰ ਪ੍ਰਕਾਸ਼ਨ ਕਰਵਾਉਣਾ ਅਤੇ ਇਨ੍ਹਾਂ ਨੂੰ ਈ-ਬੁਕਸ ਰੁਪਾਂਤਰਨ ਵਿਚ ਤਿਆਰ ਕਰਨਾ।

**ਭਵਿੱਖ ਦੇ ਟੀਚਿਆਂ/ਉਦੇਸ਼ਾਂ ਦੇ ਵੇਰਵੇ**

ੳ) **ਘੱਟ ਸਮੇਂ ਲਈ (ਇੱਕ ਸਾਲ):**

ਵਿਭਾਗ ਵੱਲੋਂ ਵੱਖ-ਵੱਖ ਪ੍ਰੋਜੈਕਟਾਂ ਅਧੀਨ ਤਿਆਰ ਕੀਤੀਆਂ ਜਾ ਰਹੀਆਂ 35 ਪੁਸਤਕਾਂ ਨੂੰ ਪ੍ਰਕਾਸ਼ਿਤ ਕਰਵਾਉਣ ਤੋਂ ਇਲਾਵਾ ਹਰ ਸਾਲ ਦਿੱਤੇ ਜਾਣ ਵਾਲੇ ਸਾਲਾਨਾ ਸ਼੍ਰੋਮਣੀ ਪੁਰਸਕਾਰਾਂ, ਸਰਵੋਤਮ ਪੁਸਤਕ ਪੁਰਸਕਾਰਾਂ ਦੀ ਵੰਡ ਅਤੇ ਲੋੜਵੰਦ ਲੇਖਕਾਂ ਨੂੰ ਪੈਨਸ਼ਨ/ਮਾਲੀ ਸਹਾਇਤਾ ਪ੍ਰਦਾਨ ਕਰਨਾ।

ਅ) **ਲੰਬੇ ਸਮੇਂ ਲਈ (ਦੋ ਤੋਂ ਪੰਜ ਸਾਲ):**

ਉਕਤ ੳ ਅਨੁਸਾਰ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਨਾਲ-ਨਾਲ ਪੰਜਾਬੀ ਦੇ ਪ੍ਰਚਾਰ, ਪ੍ਰਸਾਰ ਲਈ ਨਵੇਂ ਪ੍ਰੋਜੈਕਟ/ਸਕੀਮਾਂ ਉਲੀਕਣਾ।

ੲ) **ਅਗਲੇ ਵਿੱਤੀ ਸਾਲ ਵਿਚ ਟੀਚਿਆਂ ਦੀ ਪ੍ਰਾਪਤੀ ਲਈ ਨੀਤੀ ਸੁਧਾਰਾਂ ਅਤੇ ਯੋਜਨਾਵਾਂ ਦੇ ਸੰਖੇਪ ਵਿਵਰਣ:**

ਉਕਤ ੳ, ਅ ਵਿਚ ਦਰਸਾਏ ਅਨੁਸਾਰ।

10) **ਵਿਭਾਗ ਦੀਆਂ ਏਜੰਸੀਆਂ ਦੀ ਕਾਰਗੁਜ਼ਾਰੀਆਂ ਅਤੇ ਪਹਿਲਕਦਮੀਆਂ ਦਾ ਸੰਖੇਪ ਵੇਰਵਾ:**

ਲਾਗੂ ਨਹੀਂ।

11) **ਅੰਤਿਕਾ:**

ੳ. ਵਿਭਾਗੀ ਅਮਲੇ ਦੀ ਵਿਸਤ੍ਰਿਤ ਜਾਣਕਾਰੀ- ਅੰਤਿਕਾ ੳ

ਅ. ਵਿਭਾਗੀ ਅਮਲੇ ਦੀਆਂ ਪ੍ਰਵਾਨਤ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਜਾਣਕਾਰੀ- ਅੰਤਿਕਾ ਅ

Scanned with CamScanner

ਭਾਸ਼ਾ ਵਿਭਾਗ ਪੰਜਾਬ,
ਡਾਇਰੀ ਨੰ. 276
ਮਿਤੀ 12/6/2020

ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈਲ)
ਅਧਿਸੂਚਨਾ

ਪਿੰ;ਅੰ;ਨੰ;6/28/17-2ਸਿੱ.ਸੈਲ/885 ਮਿਤੀ,ਚੰਡੀਗੜ੍ਹ: 2/6/2020 3/6/2020

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਭਾਸ਼ਾ ਵਿਭਾਗ, ਪੰਜਾਬ ਦੇ ਪੰਜਾਬੀ ਸਾਹਿਤ ਰਤਨ ਅਤੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਅਤੇ ਵਿਭਾਗੀ ਵਿਕਾਸ ਸਕੀਮਾਂ ਲਈ ਹੇਠ ਲਿਖੇ ਅਨੁਸਾਰ ਰਾਜ ਸਲਾਹਕਾਰ ਬੋਰਡ ਦਾ ਗਠਨ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

ੳ) **ਅਹੁਦੇ ਵਜੋਂ ਨਾਮਜਦ ਮੈਂਬਰ**

| | | |
|---|---|---|
| 1. | ਉਚੇਰੀ ਸਿਖਿਆ ਤੇ ਭਾਸ਼ਾ ਮੰਤਰੀ, ਪੰਜਾਬ | ਚੇਅਰਪਰਸਨ |
| 2. | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ, ਪੰਜਾਬ | ਵਾਈਸ ਚੇਅਰਪਰਸਨ |
| 3. | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਸੱਭਿਆਚਾਰਕ ਮਾਮਲੇ ਵਿਭਾਗ, ਚੰਡੀਗੜ੍ਹ | ਮੈਂਬਰ |
| 4. | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਜਾਂ ਉਨਾਂ ਦਾ ਨੁਮਾਇੰਦਾ | ਮੈਂਬਰ |
| 5. | ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ | ਮੈਂਬਰ |
| 6. | ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ | ਮੈਂਬਰ |
| 7. | ਪ੍ਰਧਾਨ/ਜਨਰਲ ਸਕੱਤਰ, ਪੰਜਾਬ ਕਲਾ ਪ੍ਰੀਸ਼ਦ, ਸੈਕਟਰ-16 ਬੀ, ਚੰਡੀਗੜ੍ਹ | ਮੈਂਬਰ |
| 8. | ਪ੍ਰਧਾਨ/ਜਨਰਲ ਸਕੱਤਰ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ | ਮੈਂਬਰ |
| 9. | ਡਾਇਰੈਕਟਰ, ਪੰਜਾਬੀ ਸਾਹਿਤ ਅਕਾਦਮੀ ਹਰਿਆਣਾ, ਪੰਚਕੂਲਾ | ਮੈਂਬਰ |
| 10. | ਪ੍ਰਧਾਨ/ਸਕੱਤਰ, ਪੰਜਾਬੀ ਅਕਾਦਮੀ ਨਵੀਂ ਦਿੱਲੀ | ਮੈਂਬਰ |
| 11. | ਪ੍ਰਧਾਨ/ਸਕੱਤਰ, ਪੰਜਾਬੀ ਸਾਹਿਤ ਸਭਾ ਦਿੱਲੀ | ਮੈਂਬਰ |
| 12. | ਪ੍ਰਧਾਨ/ਜਨਰਲ ਸਕੱਤਰ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) | ਮੈਂਬਰ |
| 13. | ਪ੍ਰਧਾਨ/ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) | ਮੈਂਬਰ |
| 14. | ਪ੍ਰਧਾਨ/ਜਨਰਲ ਸਕੱਤਰ ਕੇਂਦਰੀ ਸਾਹਿਤ ਅਕਾਦਮੀ ਨਵੀਂ ਦਿੱਲੀ | ਮੈਂਬਰ |
| 15. | ਪ੍ਰਧਾਨ/ਜਨਰਲ ਸਕੱਤਰ ਸੰਗੀਤ ਨਾਟਕ ਅਕਾਦਮੀ ਨਵੀਂ ਦਿੱਲੀ | ਮੈਂਬਰ |
| 16. | ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ | ਮੈਂਬਰ/ਕਨਵੀਨਰ |

ਅ) **ਗੈਰ ਸਰਕਾਰੀ ਮੈਂਬਰ**

**ਪੰਜਾਬੀ ਸਾਹਿਤ ਨਾਲ ਸਬੰਧਤ ਮੈਂਬਰ :-**

1. ਡਾ. ਸੁਰਜੀਤ ਪਾਤਰ
2. ਡਾ. ਆਤਮਜੀਤ,ਨਾਟਕਕਾਰ
3. ਸ. ਵਰਿਆਮ ਸੰਧੂ, ਕਹਾਣੀਕਾਰ
4. ਡਾ. ਜੋਗਾ ਸਿੰਘ, ਭਾਸ਼ਾ ਵਿਗਿਆਨੀ
5. ਡਾ. ਨਾਹਰ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
6. ਡਾ: ਜਸਵਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ, 204, ਤ੍ਰਿਪੜੀ ਬਾਗ, ਪਟਿਆਲਾ
7. ਸ. ਮਨਮੋਹਣ ਬਾਵਾ,ਨਾਵਲਕਾਰ
8. ਡਾ. ਜਸਬੀਰ ਸਿੰਘ ਸਾਬਰ,ਅੰਮ੍ਰਿਤਸਰ

**ਲੋਕ ਗਾਇਕ :-**

9. ਸ੍ਰੀ ਪਰਮਜੀਤ ਸਿੰਘ(ਪੰਮੀ ਬਾਈ), ਪਟਿਆਲਾ। ਪ੍ਰੀਤ ਨਗਰ, ਪਟਿਆਲਾ
10. ਸ੍ਰੀ ਬਲਕਾਰ ਸਿੱਧੂ, ਬਠਿੰਡਾ।
11. ਸ੍ਰੀ ਹਰਦੀਪ ਸਿੰਘ, ਵਾਸੀ, 412 ਫੇਜ-3 ਏ, ਮੋਹਾਲੀ

Scanned with CamScanner

378

**ਹਿੰਦੀ ਨਾਲ ਸਬੰਧਤ ਸਾਹਿਤਕਾਰ**

12. ਸ਼੍ਰੀ ਅਨਿਲ ਧੀਮਾਨ, ਆਰ.ਐਸ.ਡੀ. ਕਾਲਜ ਫਿਰੋਜ਼ਪੁਰ
13. ਡਾ. ਚਮਨ ਲਾਲ ਪਟਿਆਲਾ
14. ਡਾ. ਮੇਵਾ ਸਿੰਘ, (ਰਿਟਾਂ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

**ਉਰਦੂ ਨਾਲ ਸਬੰਧਤ ਸਾਹਿਤਕਾਰ:-**

15. ਡਾ. ਮੁਹੰਮਦ ਜਮੀਲ, ਪ੍ਰਿੰਸੀਪਲ ਸਰਕਾਰੀ ਕਾਲਜ, ਅਮਰਗੜ੍ਹ
16. ਸਰਦਾਰ ਪੰਛੀ
17. ਅਜ਼ੀਜ਼ ਪਰਿਹਾਰ

**ਸੰਸਕ੍ਰਿਤ ਨਾਲ ਸਬੰਧਤ ਸਾਹਿਤਕਾਰ**

18. ਡਾ. ਵਰਿੰਦਰ ਕੁਮਾਰ, ਸੰਸਕ੍ਰਿਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
19. ਮੈਡਮ ਕਮਲਦੀਪ ਕੌਰ, ਰਿਟਾਇਰਡ,ਮਹਿੰਦਰਾ ਕਾਲਜ, ਪਟਿਆਲਾ।
20. ਡਾ. ਪੁਸ਼ਪਿੰਦਰ ਜੋਸ਼ੀ, ਪਟਿਆਲਾ।

**ਅਖਬਾਰਾਂ/ਟੈਲੀਵੀਜਨ ਅਤੇ ਮੀਡੀਆਂ ਨਾਲ ਸਬੰਧਤ**

21. ਡਾ. ਸਵਰਾਜਬੀਰ ਸਿੰਘ, ਸੰਪਾਦਕ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ।
22. ਸ. ਹਰਕੰਵਲਜੀਤ ਸਿੰਘ, ਸੀਨੀਅਰ ਪੱਤਰਕਾਰ, ਅਜੀਤ ਚੰਡੀਗੜ੍ਹ।
23. ਸ਼੍ਰੀਮਤੀ ਨਿਮਰਤ ਕੌਰ, ਮੈਨੇਜਿੰਗ ਐਡੀਟਰ, ਰੋਜ਼ਾਨਾ ਸਪੋਕਸਮੈਨ, ਚੰਡੀਗੜ੍ਹ।

**ਕਲਾ,ਸਾਇੰਸ,ਸਮਾਜ ਸੇਵਾ,ਚਿਕਿਤਸਾ,ਇੰਜੀਨੀਅਰਿੰਗ, ਪਰਿਆਵਰਣ ਆਦਿ ਖੇਤਰਾਂ ਨਾਲ ਸਬੰਧਤ**

24. ਸ. ਭੁਪਿੰਦਰ ਸਿੰਘ ਵਿਰਕ, ਪ੍ਰੋਫੈਸਰ, ਕਾਨੂੰਨ ਵਿਭਾਗ,ਪੰਜਾਬੀ ਯੂਨੀਵਰਸਿਟੀ, ਪਟਿਆਲਾ।
25. ਸ. ਉਜਾਗਰ ਸਿੰਘ, ਡੀ.ਪੀ.ਆਰ.ਓ.(ਰਿਟਾਂ) ਪਟਿਆਲਾ।
26. ਸ. ਕਰਨਲ ਜਸਮੇਰ ਸਿੰਘ ਬਾਲਾ, ਮੋਹਾਲੀ।
27. ਡਾ. ਮੇਘਾ ਸਿੰਘ, ਮੋਹਾਲੀ।
28. ਡਾ. ਸੁਰਜੀਤ ਲੀ, ਭਾਸ਼ਾ ਵਿਗਿਆਨੀ,ਪਟਿਆਲਾ।
29. ਡਾ. ਦੀਪਕ ਮਨਮੋਹਨ, ਚੰਡੀਗੜ੍ਹ। A+10, ਫੈਲੋ, ਪੰਜਾਬੀ ਯੂਨੀ. ਪਟਿਆਲਾ

**ਨਿਯਮ**

1. ਰਾਜ ਸਲਾਹਕਾਰ ਬੋਰਡ ਦੀ ਮਿਆਦ ਅਧਿਸੂਚਨਾ ਜਾਰੀ ਹੋਣ ਦੀ ਮਿਤੀ ਤੋਂ ਤਿੰਨ ਸਾਲ ਤੱਕ ਹੋਵੇਗੀ।
2. ਰਾਜ ਸਲਾਹਕਾਰ ਬੋਰਡ ਦੀ ਇੱਕਤਰਤਾ ਬੋਰਡ ਦੇ ਪ੍ਰਧਾਨ ਵਲੋਂ ਨਿਸ਼ਚਿਤ ਕੀਤੀ ਮਿਤੀ/ਸਮੇਂ ਅਤੇ ਸਥਾਨ ਤੇ ਹੋਵੇਗੀ।
3. ਰਾਜ ਸਲਾਹਕਾਰ ਬੋਰਡ ਵਿਚ ਨਾਮਜ਼ਦ ਸਰਕਾਰੀ ਮੈਂਬਰ ਆਪਣੇ ਵਿਭਾਗਾਂ ਤੋਂ ਟੀ.ਏ/ਡੀ.ਏ ਕਲੇਮ ਕਰਨਗੇ। ਇਸੇ ਤਰ੍ਹਾਂ ਬੋਰਡ ਵਿਚ ਨਾਮਜ਼ਦ ਵੱਖ-ਵੱਖ ਸੰਸਥਾਵਾਂ ਅਤੇ ਗੈਰ ਸਰਕਾਰੀ ਮੈਂਬਰਾਂ ਨੂੰ ਪ੍ਰਤੀ ਇੱਕਤਰਤਾ 1000/- ਰੁਪਏ ਮਾਣ-ਭੱਤਾ ਅਤੇ ਗਰੁੱਪ-ਏ ਦੇ ਅਧਿਕਾਰੀਆਂ ਦੇ ਬਰਾਬਰ ਟੀ.ਏ ਦਿੱਤਾ ਜਾਵੇਗਾ।
4. ਸਰਕਾਰ ਵਲੋਂ ਲੋੜ ਪੈਣ ਜਾਂ ਸਮਝਣ ਤੇ ਕਿਸੇ ਵੀ ਹੋਰ ਵਿਅਕਤੀ ਨੂੰ ਮੈਂਬਰ ਨਿਯੁਕਤ ਕੀਤਾ ਜਾਂ ਮਿਆਦ ਖਤਮ ਹੋਣ ਤੋਂ ਪਹਿਲਾਂ ਹਟਾਇਆ ਜਾ ਸਕਦਾ ਹੈ।

ਮਿਤੀ, ਚੰਡੀਗੜ੍ਹ : 02.06.2020

(ਰਾਹੁਲ ਭੰਡਾਰੀ ਆਈ.ਏ.ਐਸ)
ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਪਿੱ.ਅੰ.ਨੰ: 6/28/2017-2 ਸਿ.ਸੈਲ/ 886

ਮਿਤੀ ਚੰਡੀਗੜ੍ਹ: 2/6/2020

ਉਤਾਰਾ ਡਾਇਰੈਕਟਰ, ਭਾਸ਼ਾ ਵਿਭਾਗ,ਪੰਜਾਬ ਪਟਿਆਲਾ ਨੂੰ ਸੂਚਨਾ ਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਸਮੂਹ ਮੈਂਬਰਾਂ ਨੂੰ ਵਿਭਾਗ ਵਲੋਂ ਆਪਣੀ ਪੱਧਰ ਤੇ ਕਾਪੀਆਂ ਭੇਜਦੇ ਹੋਏ ਸੂਚਿਤ ਕੀਤਾ ਜਾਵੇ।

ਸਕੱਤਰ, ਉਚੇਰੀ ਸਿੱਖਿਆ

Scanned with CamScanner

(5) 349

ਪਿੰ.ਅੰ.ਨੰ: 6/28/2017-2 ਸਿ.ਸੈਲ/ 887 ਮਿਤੀ ਚੰਡੀਗੜ੍ਹ: 2/6/2020 3/6/2020

ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ,ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀਆਂ ਜਾਂਦੀ ਹੈ ਕਿ ਅਧਿਸੂਚਨਾ ਦੀ ਕਾਪੀ ਨੂੰ ਗਜਟ (ਸਧਾਰਨ) ਵਿੱਚ ਛਾਪਿਆ ਜਾਵੇ ਅਤੇ ਇਸ ਦੀਆਂ 50 ਕਾਪੀਆਂ ਸਰਕਾਰ ਨੂੰ ਤੁਰੰਤ ਭੇਜੀਆਂ ਜਾਣ।

ਰਾਹੁਲ ਭੰਡਾਰੀ

ਸਕੱਤਰ, ਉਚੇਰੀ ਸਿੱਖਿਆ

Scanned with CamScanner

ਭਾ... ਵਿਭਾਗ, ਪੰਜਾਬ,
... 277
... 12/6/2020

# ਪੰਜਾਬ ਸਰਕਾਰ
## ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
## (ਸਿੱਖਿਆ ਸੈਲ)
## ਅਧਿਸੂਚਨਾ

ਪਿੰ;ਅੰ;ਨੰ;6/28/17-2ਸਿੱ.ਸੈਲ/ 908 ਮਿਤੀ,ਚੰਡੀਗੜ੍ਹ: 4/6/2020

ਸਰਕਾਰ ਦੇ ਪੱਤਰ ਨੰ; 6/28/17-2ਸਿੱ.ਸੈਲ/885-887, ਮਿਤੀ 2/3.6.2020 ਰਾਹੀਂ ਭਾਸ਼ਾ ਵਿਭਾਗ, ਪੰਜਾਬ ਦੇ ਪੰਜਾਬੀ ਸਾਹਿਤ ਰਤਨ ਅਤੇ ਸ੍ਰੋਮਣੀ ਪੁਰਸਕਾਰਾਂ ਦੀ ਚੋਣ ਅਤੇ ਵਿਭਾਗੀ ਵਿਕਾਸ ਸਕੀਮਾਂ ਲਈ ਰਾਜ ਸਲਾਹਕਾਰ ਬੋਰਡ ਦਾ ਗਠਨ ਕਰਨ ਦੀ ਅਧਿਸੂਚਨਾ ਜਾਰੀ ਕੀਤੀ ਗਈ ਹੈ। ਇਸ ਅਧਿਸੂਚਨਾ ਦੇ ਭਾਗ-ਅ ਦੇ ਲੜੀ ਨੰ; 15 (ਉਰਦੂ ਨਾਲ ਸਬੰਧਤ ਸਾਹਿਤਕਾਰ) ਤੇ ਦਰਜ ਮੈਂਬਰ ਡਾ: ਮੁਹੰਮਦ ਜਮੀਲ, ਪ੍ਰਿੰਸੀਪਲ ਸਰਕਾਰੀ ਕਾਲਜ ਅਮਰਗੜ੍ਹ ਦੇ ਸਵਰਗਵਾਸ ਹੋਣ ਕਾਰਣ ਇਨ੍ਹਾਂ ਦਾ ਨਾਮ ਇਸ ਅਧਿਸੂਚਨਾ ਵਿਚੋਂ ਵਾਪਿਸ ਲਿਆ ਜਾਂਦਾ ਹੈ।

ਰਾਹੁਲ ਭੰਡਾਰੀ

ਮਿਤੀ, ਚੰਡੀਗੜ੍ਹ : 04.06.2020

(ਰਾਹੁਲ ਭੰਡਾਰੀ ਆਈ.ਏ.ਐਸ)
ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

ਪਿੰ.ਅੰ.ਨੰ: 6/28/2017-2 ਸਿ.ਸੈਲ/ 909 ਮਿਤੀ ਚੰਡੀਗੜ੍ਹ: 4/6/2020

ਉਤਾਰਾ ਡਾਇਰੈਕਟਰ, ਭਾਸ਼ਾ ਵਿਭਾਗ,ਪੰਜਾਬ ਪਟਿਆਲਾ ਨੂੰ ਸੂਚਨਾਂ ਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਸਮੂਹ ਮੈਂਬਰਾਂ ਨੂੰ ਵਿਭਾਗ ਵਲੋਂ ਆਪਣੀ ਪੱਧਰ ਤੇ ਕਾਪੀਆਂ ਭੇਜਦੇ ਹੋਏ ਸੂਚਿਤ ਕੀਤਾ ਜਾਵੇ।

ਰਾਹੁਲ ਭੰਡਾਰੀ
ਸਕੱਤਰ, ਉਚੇਰੀ ਸਿੱਖਿਆ

ਪਿੰ.ਅੰ.ਨੰ: 6/28/2017-2 ਸਿ.ਸੈਲ/ 910 ਮਿਤੀ ਚੰਡੀਗੜ੍ਹ: 4/6/2020

ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ,ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀਆਂ ਜਾਂਦੀ ਹੈ ਕਿ ਅਧਿਸੂਚਨਾ ਦੀ ਕਾਪੀ ਨੂੰ ਗਜਟ (ਸਧਾਰਨ) ਵਿੱਚ ਛਾਪਿਆ ਜਾਵੇ ਅਤੇ ਇਸ ਦੀਆਂ 50 ਕਾਪੀਆਂ ਸਰਕਾਰ ਨੂੰ ਤੁਰੰਤ ਭੇਜੀਆਂ ਜਾਣ।

ਰਾਹੁਲ ਭੰਡਾਰੀ
ਸਕੱਤਰ, ਉਚੇਰੀ ਸਿੱਖਿਆ

Scanned with CamScanner

ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈਲ)
ਅਧਿਸੂਚਨਾ

ਪਿੰ;ਅੰ;ਨੰ;6/28/17-2ਸਿੱ.ਸੈਲ/1219 ਮਿਤੀ,ਚੰਡੀਗੜ੍ਹ: 6/7/2020

ਸਰਕਾਰ ਦੇ ਪੱਤਰ ਨੰ;ਪੱਤਰ ਨੰ;6/28/17-2ਸਿੱ.ਸੈਲ/885-887, ਮਿਤੀ 2/3.6.2020 ਰਾਹੀਂ ਭਾਸ਼ਾ ਵਿਭਾਗ, ਪੰਜਾਬ ਦੇ ਪੰਜਾਬੀ ਸਾਹਿਤ ਰਤਨ ਅਤੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਅਤੇ ਵਿਭਾਗੀ ਵਿਕਾਸ ਸਕੀਮਾਂ ਲਈ ਰਾਜ ਸਲਾਹਕਾਰ ਬੋਰਡ ਦਾ ਗਠਨ ਕਰਨ ਦੀ ਅਧਿਸੂਚਨਾ ਜਾਰੀ ਕੀਤੀ ਗਈ ਹੈ। ਇਸ ਅਧਿਸੂਚਨਾ ਦੇ ਭਾਗ-ਅ ਦੇ ਲੜੀ ਨੰ;19 (ਸੰਸਕ੍ਰਿਤ ਨਾਲ ਸਬੰਧਤ ਸਾਹਿਤਕਾਰ) ਤੇ ਦਰਜ ਮੈਂਬਰ ਦਾਂ ਨਾਂ ਮੈਡਮ ਕਮਲਦੀਪ ਕੌਰ, ਰਿਟਾਇਰਡ, ਮਹਿੰਦਰਾ ਕਾਲਜ, ਪਟਿਆਲਾ ਦੀ ਥਾਂ ਤੇ ਡਾ: ਕੰਵਲਜੀਤ ਕੌਰ, ਐਸੋਸੀਏਟ ਪ੍ਰੋਫੈਸਰ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਦਰਜ ਕੀਤਾ ਜਾਂਦਾ ਹੈ।

ਮਿਤੀ,ਚੰਡੀਗੜ੍ਹ:
1.7.2020

ਰਾਹੁਲ ਭੰਡਾਰੀ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ।

ਪਿੰ:ਅੰ:ਨੰ; 6/28/17-2ਸਿੱ:ਸੈਲ/1220 ਮਿਤੀ,ਚੰਡੀਗੜ੍ਹ: 6/7/2020

ਉਤਾਰਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੂੰ ਉਨਾਂ ਦੇ ਪੱਤਰ ਨੰ;ਤਾਲਮੇਲ-2020/278, ਮਿਤੀ 9.6.2020 ਦੇ ਹਵਾਲੇ ਵਿਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਮੈਂਬਰਾਂ ਨੂੰ ਆਪਣੇ ਪੱਧਰ ਤੇ ਅਧਿਸੂਚਨਾ ਦੀ ਕਾਪੀ ਮੁਹੱਈਆ ਜਾਵੇ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿੱਆ

ਪਿੰ:ਅੰ:ਨੰ; 6/28/17-2ਸਿੱ:ਸੈਲ/1221 ਮਿਤੀ,ਚੰਡੀਗੜ੍ਹ: 6/7/2020

ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਅਧਿਸੂਚਨਾ ਦੀ ਕਾਪੀ ਨੂੰ ਗਜ਼ਟ (ਸਧਾਰਨ) ਵਿਚ ਛਾਪਿਆ ਜਾਵੇ ਅਤੇ ਇਸ ਦੀਆਂ 50 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿੱਆ

Scanned with CamScanner

ਡਾਇਰੈਕਟਰ ਦਫ਼ਤਰ
ਭਾਸ਼ਾ ਵਿਭਾਗ, ਪੰਜਾਬ
ਡਾਇਰੀ ਨੰ:...470...
ਮਿਤੀ...18/9/2020...
ਫਾਈਲ ਨੰ:...
ਸੈਕਸ਼ਨ...

ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈਲ)

46

383

21.9.2020

ਅਧਿਸੂਚਨਾ

ਪਿੰ:ਅੰ:ਨੰ:6/199/92-2ਸਿੰ.ਸੈਲ/1749

ਮਿਤੀ,ਚੰਡੀਗੜ੍ਹ: 15/9/2020

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਭਾਸ਼ਾ ਵਿਭਾਗ, ਪੰਜਾਬ ਦੇ ਸ੍ਰੋਮਣੀ ਪੁਰਸਕਾਰਾਂ ਦੀ ਚੋਣ ਸਾਲ 2015, 2016, 2017, 2018, 2019 ਅਤੇ ਸਾਲ 2020 ਲਈ ਕਰਨ ਲਈ ਹੇਠ ਲਿਖੇ ਅਨੁਸਾਰ ਸਕਰੀਨਿੰਗ ਕਮੇਟੀ ਦਾ ਗਠਨ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

1. ਸ੍ਰੀ ਦਰਸ਼ਨ ਬੁੱਟਰ, ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:), ਨਾਭਾ;
2. ਡਾ. ਸੁਰਜੀਤ ਪਾਤਰ, ਪ੍ਰਧਾਨ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ;
3. ਡਾ. ਜੋਗਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ;
4. ਸ੍ਰੀ ਪਰਮਜੀਤ ਸਿੰਘ ਸਿੱਧੂ ਉਰਫ ਪੰਮੀ ਬਾਈ, ਪਟਿਆਲਾ;
5. ਸ੍ਰੀ ਅਨਿਲ ਧੀਮਾਨ, ਆਰ.ਐਸ.ਡੀ. ਕਾਲਜ, ਫਿਰੋਜ਼ਪੁਰ;
6. ਸਰਦਾਰ ਪੰਛੀ, ਲੁਧਿਆਣਾ;
7. ਡਾ. ਵਰਿੰਦਰ ਕੁਮਾਰ, ਪਟਿਆਲਾ;
8. ਡਾ. ਸਵਰਾਜਬੀਰ ਸਿੰਘ, ਸੰਪਾਦਕ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ;
9. ਸ੍ਰੀ ਕੇਵਲ ਧਾਲੀਵਾਲ, ਅੰਮ੍ਰਿਤਸਰ;
10. ਡਾ. ਸੁਰਜੀਤ ਲੀ, ਪਟਿਆਲਾ;
11. ਡਾ. ਦੀਪਕ ਮਨਮੋਹਨ ਸਿੰਘ, ਚੰਡੀਗੜ੍ਹ;
12. ਡਾ. ਮਨਮੋਹਨ ਸਿੰਘ ਦਾਊਂ, ਮੋਹਾਲੀ;
13. ਸ. ਤੀਰਥ ਸਿੰਘ ਢਿੱਲੋਂ, ਜਲੰਧਰ;
14. ਡਾ. ਮੇਘਾ ਸਿੰਘ, ਮੋਹਾਲੀ।

ਮਿਤੀ,ਚੰਡੀਗੜ੍ਹ:
8.9.2020

ਰਾਹੁਲ ਭੰਡਾਰੀ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ।

ਪਿੰ:ਅੰ:ਨੰ; 6/199/92-2ਸਿੰ:ਸੈਲ/1750

ਮਿਤੀ,ਚੰਡੀਗੜ੍ਹ: 15/9/2020

ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਅਧਿਸੂਚਨਾ ਦੀ ਕਾਪੀ ਨੂੰ ਗਜਟ (ਸਧਾਰਨ) ਵਿਚ ਛਾਪਿਆ ਜਾਵੇ ਅਤੇ ਇਸ ਦੀਆਂ 50 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿਆ

ਪਿੰ:ਅੰ:ਨੰ; 6/199/92-2ਸਿੰ:ਸੈਲ/1751

ਮਿਤੀ,ਚੰਡੀਗੜ੍ਹ: 15/9/2020

ਉਤਾਰਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੂੰ ਉਨਾਂ ਦੇ ਨੋਟ ਮਿਤੀ 11.8.2020 ਦੇ ਹਵਾਲੇ ਵਿਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਮੈਂਬਰਾਂ ਨੂੰ ਆਪਣੇ ਪੱਧਰ ਤੇ ਅਧਿਸੂਚਨਾ ਦੀ ਕਾਪੀ ਮੁਹੱਈਆ ਕਰਵਾਈ ਜਾਵੇ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿਆ

Scanned with CamScanner

ਭਾਸ਼ਾ ਵਿਭਾਗ, ਪੰਜਾਬ,
ਡਾਇਰੀ ਨੰ: 471
ਮਿਤੀ 21/9/2020
ਫਾਈਲ ਨੰ:
ਮਿਤੀ

47

384

21/9/2020

**ਪੰਜਾਬ ਸਰਕਾਰ**
**ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ**
**(ਸਿੱਖਿਆ ਸੈਲ)**

ਅਧਿਸੂਚਨਾ

ਪਿੱ:ਅੰ:ਨੰ:6/28/17-2ਸਿੱ.ਸੈਲ/1752 ਮਿਤੀ,ਚੰਡੀਗੜ੍ਹ: 15/9/2020

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਸਰਕਾਰ ਦੇ ਪੱਤਰ ਨੰ;ਪੱਤਰ ਨੰ;6/28/17-2ਸਿੱ.ਸੈਲ/885-887, ਮਿਤੀ 2/3.6.2020 ਰਾਹੀਂ ਭਾਸ਼ਾ ਵਿਭਾਗ, ਪੰਜਾਬ ਦੇ ਪੰਜਾਬੀ ਸਾਹਿਤ ਰਤਨ ਅਤੇ ਸ੍ਰੋਮਣੀ ਪੁਰਸਕਾਰਾਂ ਦੀ ਚੋਣ ਅਤੇ ਵਿਭਾਗੀ ਵਿਕਾਸ ਸਕੀਮਾਂ ਲਈ ਰਾਜ ਸਲਾਹਕਾਰ ਬੋਰਡ ਦਾ ਗਠਨ ਕਰਨ ਸਬੰਧੀ ਜਾਰੀ ਕੀਤੀ ਗਈ ਅਧਿਸੂਚਨਾ ਦੀ ਲਗਾਤਾਰਤਾ ਵਿਚ ਹੇਠ ਲਿਖੀਆਂ ਵੰਨਗੀਆਂ ਦੇ ਮੈਂਬਰ ਵੀ ਨਾਮਜਦ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

1. **ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ**
   ਡਾ. ਮਨਮੋਹਨ ਸਿੰਘ ਦਾਊਂ, ਮੋਹਾਲੀ।
2. **ਸ਼੍ਰੋਮਣੀ ਰਾਗੀ ਪੁਰਸਕਾਰ**
   ਸ. ਤੀਰਥ ਸਿੰਘ ਢਿੱਲੋਂ, ਜਲੰਧਰ।
3. **ਸ਼੍ਰੋਮਣੀ ਢਾਡੀ / ਕਵੀਸਰ ਪੁਰਸਕਾਰ**
   ਸ੍ਰੀ ਹਰਦਿਆਲ ਸਿੰਘ ਥੂਹੀ, ਪਿੰਡ ਤੇ ਡਾਕਖਾਨਾ ਥੂਹੀ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ।
4. **ਸ਼੍ਰੋਮਣੀ ਟੈਲੀਵਿਜ਼ਨ / ਰੇਡੀਓ / ਫਿਲਮ ਪੁਰਸਕਾਰ**
   ਸ੍ਰੀਮਤੀ ਨਿਰਮਲ ਰਿਸ਼ੀ, ਪਟਿਆਲਾ।
5. **ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ**
   ਸ੍ਰੀ ਸੁਸ਼ੀਲ ਦੁਸਾਂਝ, ਮੋਹਾਲੀ।

ਮਿਤੀ,ਚੰਡੀਗੜ੍ਹ:
8.9.2020

ਰਾਹੁਲ ਭੰਡਾਰੀ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ।

ਪਿੱ:ਅੰ:ਨੰ; 6/28/17-2ਸਿੱ:ਸੈਲ/1753 ਮਿਤੀ,ਚੰਡੀਗੜ੍ਹ: 15/9/2020

ਉਤਾਰਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੂੰ ਉਨਾਂ ਦੇ ਨੋਟ ਮਿਤੀ 11.8.2020 ਦੇ ਹਵਾਲੇ ਵਿਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਮੈਂਬਰਾਂ ਨੂੰ ਆਪਣੇ ਪੱਧਰ ਤੇ ਅਧਿਸੂਚਨਾ ਦੀ ਕਾਪੀ ਮੁਹੱਈਆ ਕਰਵਾਈ ਜਾਵੇ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿਆ

ਪਿੱ:ਅੰ:ਨੰ; 6/28/17-2ਸਿੱ:ਸੈਲ/1754 ਮਿਤੀ,ਚੰਡੀਗੜ੍ਹ: 15/9/2020

ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਅਧਿਸੂਚਨਾ ਦੀ ਕਾਪੀ ਨੂੰ ਗਜਟ (ਸਧਾਰਨ) ਵਿਚ ਛਾਪਿਆ ਜਾਵੇ ਅਤੇ ਇਸ ਦੀਆਂ 50 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿਆ

Scanned with CamScanner

385

ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈਲ)

ਅਧਿਸੂਚਨਾ

ਪਿੱ:ਅੰ:ਨੰ:6/28/17-2ਸਿੱ.ਸੈਲ/1610 ਮਿਤੀ,ਚੰਡੀਗੜ੍ਹ: 27/8/2020

ਸਰਕਾਰ ਦੇ ਪੱਤਰ ਨੰ:ਪੱਤਰ ਨੰ:6/28/17-2ਸਿੱ.ਸੈਲ/885-887, ਮਿਤੀ 2/3.6.2020 ਰਾਹੀਂ ਭਾਸ਼ਾ ਵਿਭਾਗ, ਪੰਜਾਬ ਦੇ ਪੰਜਾਬੀ ਸਾਹਿਤ ਰਤਨ ਅਤੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਅਤੇ ਵਿਭਾਗੀ ਵਿਕਾਸ ਸਕੀਮਾਂ ਲਈ ਰਾਜ ਸਲਾਹਕਾਰ ਬੋਰਡ ਦਾ ਗਠਨ ਕਰਨ ਦੀ ਅਧਿਸੂਚਨਾ ਜਾਰੀ ਕੀਤੀ ਗਈ ਹੈ। ਇਸ ਅਧਿਸੂਚਨਾ ਦੇ ਭਾਗ-ਅ ਦੇ ਲੜੀ ਨੰ:14 (ਹਿੰਦੀ ਨਾਲ ਸਬੰਧਤ ਸਾਹਿਤਕਾਰ) ਤੇ ਦਰਜ ਮੈਂਬਰ ਦਾਂ ਨਾਂ ਡਾ: ਮੇਵਾ ਸਿੰਘ, (ਰਿਟਾ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਥਾਂ ਤੇ ਡਾ: ਸੇਵਾ ਸਿੰਘ, (ਰਿਟਾ. ਪ੍ਰੋ.)ਹਿੰਦੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਰਜ ਕੀਤਾ ਜਾਂਦਾ ਹੈ।

2. ਇਸ ਤੋਂ ਇਲਾਵਾ ਉਕਤ ਜਾਰੀ ਹੋਈ ਅਧਿਸੂਚਨਾ ਦੇ ਭਾਗ-ਅ, ਲੜੀ ਨੰ:2 (ਪੰਜਾਬੀ ਸਾਹਿਤ ਨਾਲ ਸਬੰਧਤ ਮੈਂਬਰ) ਤੇ ਦਰਜ ਮੈਂਬਰ ਡਾ: ਆਤਮਜੀਤ ਸਿੰਘ, ਨਾਟਕਕਾਰ ਦਾ ਅਸਤੀਫਾ ਮੰਨਜੂਰ ਕਰਦੇ ਹੋਏ, ਉਨਾਂ ਦੀ ਥਾਂ ਤੇ ਪ੍ਰੋ ਕੇਵਲ ਧਾਲੀਵਾਲ, ਨਾਟਕਕਾਰ, 24 ਹੋਲੀਸਿਟੀ (ਗਰੀਨ), ਗੁੰਮਟਾਲਾ ਬਾਈਪਾਸ, ਅੰਮ੍ਰਿਤਸਰ (ਮੋਬਾ: ਨੰ:9811.2-99422) ਦਾ ਨਾਂ ਸ਼ਾਮਿਲ ਕੀਤਾ ਜਾਂਦਾ ਹੈ।

ਮਿਤੀ,ਚੰਡੀਗੜ੍ਹ:
21.8.2020

ਰਾਹੁਲ ਭੰਡਾਰੀ
ਰਾਹੁਲ ਭੰਡਾਰੀ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ।

ਪਿੱ:ਅੰ:ਨੰ: 6/28/17-2ਸਿੱ:ਸੈਲ/1611 ਮਿਤੀ,ਚੰਡੀਗੜ੍ਹ: 27/8/2020

ਉਤਾਰਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੂੰ ਉਨਾਂ ਦੇ ਪੱਤਰ ਨੰ:ਤਾਲਮੇਲ-2020/330, ਮਿਤੀ 3.7.2020 ਅਤੇ ਪੱਤਰ ਮਿਤੀ 385, ਮਿਤੀ 22.7.2020ਦੇ ਹਵਾਲੇ ਵਿਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਮੈਂਬਰਾਂ ਨੂੰ ਆਪਣੇ ਪੱਧਰ ਤੇ ਅਧਿਸੂਚਨਾ ਦੀ ਕਾਪੀ ਮੁਹੱਈਆ ਜਾਵੇ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿੱਆ

ਪਿੱ:ਅੰ:ਨੰ: 6/28/17-2ਸਿੱ:ਸੈਲ/1612 ਮਿਤੀ,ਚੰਡੀਗੜ੍ਹ: 27/8/2020

ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਅਧਿਸੂਚਨਾ ਦੀ ਕਾਪੀ ਨੂੰ ਗਜਟ (ਸਧਾਰਨ) ਵਿਚ ਛਾਪਿਆ ਜਾਵੇ ਅਤੇ ਇਸ ਦੀਆਂ 50 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿੱਆ

Scanned with CamScanner

ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈਲ)

ਅਧਿਸੂਚਨਾ

ਪਿੰ;ਅੰ;ਨੰ;6/28/17-2ਸਿੰ.ਸੈਲ/50 ਮਿਤੀ,ਚੰਡੀਗੜ੍ਹ: 8/1/2021

ਸਰਕਾਰ ਦੇ ਪੱਤਰ ਨੰ;ਪੱਤਰ ਨੰ;6/28/17-2ਸਿੰ.ਸੈਲ/885-887, ਮਿਤੀ 2/3.6.2020 ਰਾਹੀਂ ਭਾਸ਼ਾ ਵਿਭਾਗ, ਪੰਜਾਬ ਦੇ ਪੰਜਾਬੀ ਸਾਹਿਤ ਰਤਨ ਅਤੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਅਤੇ ਵਿਭਾਗੀ ਵਿਕਾਸ ਸਕੀਮਾਂ ਲਈ ਰਾਜ ਸਲਾਹਕਾਰ ਬੋਰਡ ਦਾ ਗਠਨ ਕਰਨ ਦੀ ਅਧਿਸੂਚਨਾ ਜਾਰੀ ਕੀਤੀ ਗਈ ਹੈ। ਜਿਸ ਵਿਚ ਕਈ ਮੈਂਬਰਾਂ ਵਲੋਂ ਅਸਤੀਫਾ ਦੇਣ ਕਾਰਣ ਨਵੇਂ ਮੈਂਬਰ ਨਿਯੁਕਤ ਕੀਤੇ ਗਏ ਹਨ। ਜਿਨ੍ਹਾਂ ਦਾ ਨਾਮ ਹੇਠ ਅਨੁਸਾਰ ਲੜੀਵਾਰ ਦਰਜ ਕੀਤਾ ਜਾਂਦਾ ਹੈ:-

**ਲੜੀ ਨੰ;** **ੳ) ਅਹੁਦੇ ਵਜੋਂ ਨਾਮਜਦ ਮੈਂਬਰ**

13. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਮੋਹਾਲੀ।

**ਅ) ਗੈਰ ਸਰਕਾਰੀ ਮੈਂਬਰ**

**ਪੰਜਾਬੀ ਸਾਹਿਤ ਨਾਲ ਸਬੰਧਤ ਮੈਂਬਰ**

6. ਡਾ: ਬਲਕਾਰ ਸਿੰਘ, ਡਾਇਰੈਕਟਰ ਵਰਲਡ ਪੰਜਾਬੀ ਸੈਂਟਰ, ਪਟਿਆਲਾ।

**ਅਖਬਾਰਾਂ / ਟੈਲੀਵੀਜ਼ਨ ਅਤੇ ਮੀਡੀਆ ਨਾਲ ਸਬੰਧਤ**

21. ਸ੍ਰੀ ਰਮਨਦੀਪ ਸਿੰਘ ਸੋਢੀ, ਸੀਨੀਅਰ ਪੱਤਰਕਾਰ, ਜੱਗ ਬਾਣੀ, ਜਲੰਧਰ।

ਮਿਤੀ,ਚੰਡੀਗੜ੍ਹ:
02.01.2021

ਰਾਹੁਲ ਭੰਡਾਰੀ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ।

ਪਿੰ:ਅੰ:ਨੰ; 6/28/17-2ਸਿੰ:ਸੈਲ/51 ਮਿਤੀ,ਚੰਡੀਗੜ੍ਹ: 8/1/2021

ਉਤਾਰਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਮੈਂਬਰਾਂ ਨੂੰ ਆਪਣੇ ਪੱਧਰ ਤੇ ਅਧਿਸੂਚਨਾ ਦੀ ਕਾਪੀ ਮੁਹੱਈਆ ਕਰਵਾਈ ਜਾਵੇ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿੱਆ
ਮਿਤੀ,ਚੰਡੀਗੜ੍ਹ:

ਪਿੰ:ਅੰ:ਨੰ; 6/28/17-2ਸਿੰ:ਸੈਲ/

ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਅਧਿਸੂਚਨਾ ਦੀ ਕਾਪੀ ਨੂੰ ਗਜਟ (ਸਧਾਰਨ) ਵਿਚ ਛਾਪਿਆ ਜਾਵੇ ਅਤੇ ਇਸ ਦੀਆਂ 50 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ ਉਚੇਰੀ ਸਿਖਿੱਆ

Scanned with CamScanner